ਹਾਸਿਲ

ਇਸੇ ਕਲਮ ਤੋਂ :

- ਸੋਚ ਦੀ ਦਹਿਲੀਜ਼ ਤੇ 2003
- ਅਹਿਦ 2009

ਹਾਸਿਲ

ਦਲਵੀਰ ਕੌਰ



Poetry/Punjabi Poetry

ISBN : 978-93-5068-400-9
Price : 200/-

Hasil

By

Dalvir Kaur (Wolverhampton-U.K.)
E-mail : dknarwal@yahoo.co.uk
dknarwal@hotmail.com
dalvirkauruk.blogspot.com
Ph: 0781-308-1950, 07773390714

2013
Lokgeet Parkashan
S.C.O. 26-27, Sector 34 A, Chandigarh-160022
Ph.+ 91-172-5077427, 5077428
email : lokgeetparkashan@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email: unistarbooks@gmail.com
website : www.unistarbooks.com

© 2013
Produced and bound in India

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

ਸਮਰਪਣ

ਜ਼ਿੰਦਗੀ ਨਾਲ ਬਾ-ਬਸਤਾ, ਨਿਰੰਤਰ ਅੰਗ ਸੰਗ ਤੁਰਨ ਵਾਲੇ, ਸੱਚ ਦੀ ਸਮਝ ਨੂੰ ਸਾਹਵੇਂ ਰੱਖਦੇ ਹੋਏ ਮੈਂ ਆਪਣੇ ਇੱਕਲੌਤੇ ਬੇਟੇ 'ਕਮਲਦੀਪ ਸਿੰਘ ਕਾਹਲੋਂ' ਨੂੰ ਮੇਰੇ ਤੋਂ ਕੁਝ ਕਦਮ ਅੱਗੇ ਵੇਖਦੀ ਹਾਂ।

ਬੇਟੇ ਦੇ ਏਸ ਵਡੇਰੇ ਪੱਖ ਨੇ ਮੈਨੂੰ ਚੰਗੀ ਮਾਂ ਹੀ ਨਹੀਂ ਬਣਾਇਆ ਸਗੋਂ ਮੇਰੇ ਸਮੁੱਚ ਨੂੰ ਵੀ ਸਾਂਭੀ ਸੰਭਾਲੀ ਰੱਖਿਆ, 'ਤੇ ਏਸ ਸਮੁੱਚ ਸਦਕਾ ਹੀ ਮੈਂ ਆਪਣੇ ਅਨੁਭਵੀ ਪਲਾਂ ਨੂੰ ਕਵਿਤਾ ਦੇ ਸ਼ੀਸ਼ੇ ਵਿੱਚ ਰੱਖ ਆਪਣਾ ਚਿਹਰਾ ਵੇਖ ਸਕੀ ਹਾਂ।

ਮੇਰੇ ਉੱਪਰ ਕੁਦਰਤ ਦੀ ਏਸ ਬਖਸ਼ਿਸ਼ ਦੀ ਮੈਂ ਮਨ ਤੋਂ ਸ਼ੁਕਰਗੁਜ਼ਾਰ ਰਹਾਂਗੀ!

ਦਲਵੀਰ ਕੌਰ

ਬਾਰਾਂ ਬਾਈ ਬਾਰਾਂ

ਕਈ ਵੇਰਾਂ
ਤੇਜ਼ ਗਤੀ
ਗੋਲ ਚੱਕਰ ਤੇ ਖਲੋਤੇ
ਨਰ, ਮਾਦਾ ਦੇ ਪੈਰੀਂ
ਉੱਬਲਦੇ ਲਾਵੇ ਦਾ ਸ਼ੋਰ ਸੁਣਨ ਲਈ
ਆਪਣਾਂ ਸਿਰ ਹਵਾ ਦੇ ਕਿਣਕਿਆਂ 'ਚ ਖਿਲਾਰਦੀ ਹਾਂ
ਤੇ ਫਿਰ ਹਰ ਇੱਕ ਸਿਰ ਨੂੰ
ਪੋਲੀ ਗੇਂਦ ਵਾਂਗ ਹੱਥਾਂ ਚ ਮੱਸਲਦੀ ਹਾਂ।
ਧਰਤੀ ਤੇ ਮਾਰ ਅਕਾਸ਼ ਵੱਲ ਉਛਾਲਣ ਲੱਗਦੀ ਹਾਂ ਤਾਂ,
ਤਾਰਾ ਮੰਡਲ,ਚ ਗੱਜਦੀਆਂ ਗੱਜ਼ਕਦੀਆਂ
ਅਨੇਕਾਂ ਗਰਭਧਾਰੀ ਧਰਤੀਆਂ ਦੀ ਗਿਣਤੀ ਦਾ ਸਵਾਲ
ਇਨਾਂ ਸਿਰਾਂ ਨੂੰ ਵਾਪਸ ਮੇਰੇ ਘਰ ਦੀ
ਬਾਰਾਂ ਬਾਈ ਬਾਰਾਂ ਮਿਣਤੀ ਦੀ
ਰਸੋਈ ਵਿੱਚ ਲਿਆ ਸੁੱਟਦਾ ਹੈ
ਅਕਾਰ ਸੁੰਗੜਦਾ ਹੈ
ਕਵਿਤਾ ਦਰਾਂ ਤੋਂ ਬਾਹਰ ਵੱਲ ਭੱਜਦੀ ਹੈ।
ਅਜੇ ਜਿਊਣਾਂ ਬਾਕੀ ਪਿਆ ਵੇਖ
ਇੱਕ ਵਾਅਦੇ ਸਮੇਤ
ਮੈਂ ਪਾਤਾਲ ਦੀ ਬਾਰੀ ਬੰਦ ਕਰਦੀ ਹਾਂ!!

ਦਲਵੀਰ ਕੌਰ (ਵੁਲਵਰਹੈਂਪਟਨ-ਯੂ.ਕੇ)
ਸੀਨੀਅਰ ਕਲੀਨਿਕਲ ਸੁਪਰਵਾਈਜ਼ਰ/ਕਾਊਂਸਿਲਰ
(ਐਮ.ਬੀ.ਏ.ਸੀ.ਪੀ) (ਐਨ.ਐਚ.ਐਸ)



ਤਤਕਰਾ

- ਹਾਸਿਲ 11
- ਹੁਣ ਮੈਂ 12
- ਸਹਿ-ਹੋਂਦ 13
- ਅੰਤਸ਼ਕਰਣ 16
- ਅਲਫ਼-ਨਗਨ ! 15
- ਕਵਿਤਾ 16
- ਮੱਥੇ ਤੋਂ ਮੰਥਨ ਵੱਲ 17
- ਗਿਣਤੀ ਮਿਣਤੀ 18
- ਦੋਫਾੜ ਸਿੱਪੀ 20
- ਜ਼ਿੰਦਗੀ ਦਾ ਕਾਇਦਾ 21
- ਪੌਟਰੀ ਤੇ ਭਾਂਡਾ ਘੜਦਿਆਂ 22
- ਸੌਵਰਨਿਟੀ 23
- ਸੁਪਨਸਾਰ 24
- ਅਰਥਾਂ ਸਾਂਹਵੇਂ 25
- ਵਿਸ਼ਾ ਵਸਤੂ 26
- ਮੇਰਾ ਹਿੱਸਾ ! 27
- ਆਤਮਸਾਤ 28
- ਕਾਰੀਗਰੀ 30
- ਫੈਂਸਟਰ-ਚਾਈਲਡ 31
- ਜਿੱਤ 32
- ਗੈਰਹਾਜ਼ਰੀ 33
- ਸੋਚ 34
- ਦਲਿਤ 35
- ਪ੍ਰੇਤ ! 36
- ਹਾਈ ਵੇ ਔਫ਼ ਲਾਈਫ਼ ! 37
- ਹੋਸ਼ ! 38
- ਹਾਦਸਾ 39
- ਦੇਵਤੇ ! 40
- ਕ੍ਰਿਸਮਿਸ 41
- ਚੈਰਿਟੀ ਟੌਆਏ ਸ਼ੌਪ 42

- ਸਿਰਜਣਾ ! 43
- ਬੈਰੀ ਹੈਡ ਬੀਚ 44
- ਅਵੱਗਿਆ 45
- ਅਪਸ਼ਬਦ 47
- ਆਪਣੇ ਓਹਲੇ ! 48
- ਅਰਧ-ਮਨ 49
- ਅਸੀਸ ! 50
- ਆਜ਼ਾਦੀ 51
- ਭੁੱਖ 52
- ਬੰਧਨ 53
- ਧੁੰਨੀਂ ਤੋਂ ਧਰਤ ਤੱਕ ! 54
- ਕਲਾਉਨ 55
- ਰੁੱਤਾਂ 56
- ਜਸ਼ਨ ! 57
- ਕਾਇਆ 58
- ਖਾਮੋਸ਼ ਕਤਲ 59
- ਖਦਸ਼ਾ 60
- ਮਾਣਸ 61
- ਕੈਲੰਡਰ 62
- ਕਬਜ਼ਾ 63
- ਲਿੰਗ ਪੁਲਿੰਗ 64
- ਚਾਣਕੀਆ 65
- ਮਨੁੱਖ 66
- ਰੋਅਲ ਵੈਡਿੰਗ 67
- ਰਿਸ਼ਤਾ 68
- ਸਫ਼ਰ 69
- ਸਿਖਸ਼ਾ 70
- ਸੋਚਦੀ ਹੈ 71
- ਸਵਾਲ 72
- ਵਸੀਲਾ 73
- ਵਕਤ 74
- ਤਿਆਰੀ 75
- ਤੋਹਫ਼ਾ 76

- ਤਸਵੀਰਾਂ 77
- ਟਾਪੂ 78
- ਸਬੂਤ 79
- ਦੂਜਾ ਵਿਆਹ 80
- ਦਿਸਹੱਦੇ 81
- ਤਾਪਮਾਨ 82
- ਵਰਦਾਨ 83
- ਕਾਸ਼ 84
- ਸ਼ਿਲਾਲੇਖ 85
- ਸੈਰਗਾਹ 86
- ਰੀਸਾਈਕਲ 87
- ਪ੍ਰਮਾਰਥ 88
- ਨਿਲਾਮੀ 89
- ਮੌਕਾ 90
- ਮੋਹ 91
- ਅਦਿੱਖ! 92
- ਨਵਯੁਗ 93
- ਆਪੇ ਤੱਕ 94
- ਭੁਲੇਖਾ 95
- ਬਾਗ਼ੀ 96
- ਡਿਜੀਟਲ ਟਾਈਮਜ਼ 97
- ਦੁੱਬਧਾ 99
- ਇਤਫ਼ਾਕ 100
- ਅਚੇਤ 101
- ਅਣਛੋਹੇ ਚਾਅ 102
- ਉਸ ਤੋਂ ਬਾਅਦ 103
- ਅਹਿਸਾਸ 104

ਹਾਸਿਲ

ਜਿਸਮ ਤੋਂ ਚਮੜੀ ਉਧੇੜ
ਕੱਜ ਲੈਣੀਆਂ ਗਰਜ਼ਾਂ
ਤਾਂ ਹੁਨਰ ਹੀ ਸੀ
ਪਰ ਖ਼ੁਦ ਨੂੰ ..
ਖ਼ੁਦ ਖਾ ਕੇ ਰੱਜ ਜਾਣਾਂ ਵੀ
ਬਾ– ਕਮਾਲ ਰਿਹਾ !

•

ਹੁਣ 'ਮੈਂ

ਹੁਣ ਮੈਂ
ਚਿੜੀਆਂ ਦੇ ਨਾਲ ਹੀ
ਜਾਗ ਜਾਂਦੀ ਹਾਂ
ਚਿੜੀਆਂ ਦੇ ਨਾਲ ਹੀ
ਸੌਂ ਜਾਂਦੀ ਹਾਂ
ਉਸ ਵਕਤ ਵੀ
ਚਿੜੀਆਂ ਦੇ ਜਾਗਣ ਦਾ ਵੇਲਾ ਸੀ
ਵਾਯੂ ਤੇ ਮੰਡਲ
ਅਲੱਗ ਅਲੱਗ ਹੋ ਚੁੱਕੇ ਸਨ।

ਸਿਰ ਧਰੁਵੀ ਖਿੱਚ ਤੋਂ ਬਾਹਰ ਸੀ
ਤੇ ਧੜ!
ਮੱਕੜੀ ਦੇ ਥੁੱਕ ਦੀ ਬਾਰੀਕ ਤਾਰ ਨਾਲ
ਧਰਤੀ ਵੱਲ ਲੱਟਕ ਰਿਹਾ ਸੀ
ਬਚਾਓ ਦੀ ਅੱਖ ਨਾਲ ਵੇਖਣ ਵਾਲਾ ਓਥੇ ਕੋਈ ਨਹੀਂ ਸੀ

ਆਵਾਜ਼ਾਂ ਦਾ ਭੰਵਰ ਆਖਦਾ ਸੀ,
"ਜਾਪਦੈ! ਉੱਡ ਰਹੀ ਕੋਈ ਇੱਲ ਬਲਾ
ਜਾਂ ਧਰਤੀ ਵੱਲ ਡਿੱਗਦਾ
ਸਪੇਸਸ਼ਿੱਪ ਦਾ ਉਖੜਿਆ ਪੁਰਜ਼ਾ "
ਇਹ ਸਭ ਵੇਖ ਸੁਣ
ਮੈਂ ਫੇਰ ਇੱਕ ਵਾਰ
ਖ਼ੁਦ ਨੂੰ ਗੈਸਾਂ ਹਵਾਲੇ ਛੱਡ ਦਿੱਤਾ!
ਹੁਣ ਬੰਦਾ ਸੁਣਾਈ ਦੇਣੋਂ ਬੰਦ ਹੋ ਗਿਆ ਹੈ
ਜਾਨਵਰ ਚਹਿਕਣਾਂ ਸ਼ੁਰੂ ਹੋ ਗਏ ਨੇ!
•

ਸਹਿ-ਹੋਂਦ

ਧਰ ਮੇਰੇ ਮੱਥੇ ਸਾਹਵੇਂ
ਆਪਣਾ ਮੱਥਾ
ਤੇ ਸੁਣ ..
ਮਿੱਟੀ ਪਏ ਬੀਜ ਦੀ ਓਹੀਓ ਗੱਲ
“ਕਿ ਇਕੋ ਸਮੇਂ
ਸਾਹਾਂ ਵਿੱਚ ਜੀਉਣਾ
ਮਹਿਜ਼ ਇਤਫ਼ਾਕ ਤਾਂ ਨਹੀਂ ਹੁੰਦਾ”
ਭਾਵੇਂ ਅਮਲਾਂ ਦੀ ਸੱਟ
ਘੜਦੀ ਹੈ
ਸੁਰਤ ਮੱਤ ਮਨ ਬੁੱਧ!

•

ਅੰਤਸ਼ਕਰਣ

ਦਿਨ ਛਿਪਦਿਆਂ ਸਾਰ
ਅਛੋਪਲੇ–ਮਲਕੜੇ
ਹੋ ਤੁਰਦਾ ਚੌਂਹ ਪੈਰੀਂ
ਵੇਖ ਚਿੜਕਦੀਆਂ ਚਾਮ–ਚੜਿਕਾਂ
ਖੰਭ ਨਿਕਲ ਆਉਂਦੇ
ਚੁਆਂਕਦੀ ਬਿੱਲੀ
ਭੁੱਖ ਦੀ ਰਾਖੀ ਬੈਠਾ ਦਰਵੇਸ਼
ਪੂਛਲ ਸਿੱਧੀ ਕਰਦਾ
ਡਰਦਾ ਮਨ !

ਕਿੰਨੇ ਹੱਥ ਕਿੰਨੇ ਪੈਰ
ਕੇਹੀ ਆਵਾਜ਼
ਜਾਗ ਉੱਠਦਾ
ਕਿਹੜਾ ਜਨੌਰ
ਕੋਈ ਨਾ ਦੱਸਦਾ !

•

ਅਲਫ਼-ਨਗਨ !

ਰੱਥ ਰੁਕਿਆ
ਰਥਵਾਨ ਵਾਪਿਸ ਮੁੜਿਆ
ਕੁਝ ਸਵਾਲ ਆਏ ਨੇ !

ਚਿਹਰੇ 'ਤੇ ਪਰਦਾ
ਹੱਥ ਵਿੱਚ ਛੁਰੀ
ਪੁੱਖਤਾ ਬੋਲੀ
ਨੀਅਤ ਅਰਧ ਨਗਨ !!

ਮੈਂ ਇੱਲ ਦੀ ਅੱਖ ਚੁਰਾ ਲਈ ਹੈ
ਗਿਰਝਾਂ ਦੀ ਟੋਲੀ ਨੇ
ਮਾਸ ਪਰੋਸਿਆ
ਹੱਡ–ਮਾਸ ਦੀ ਆਮਦ ਦਾ ਜਸ਼ਨ ਹੋਇਆ।

ਪਰ ਅਲਾਹਣੀਆਂ ਕਿਸ ਨੇ ਪੜ੍ਹੀਆਂ ?
ਧਰਮਾਂ ਵਾਲੇ ਪਾਂਸੁਕ ਦੀ ਧਿਰ ਬਣੇ
ਅਦਾਲਤ ਬਰਖਾਸਤ ਹੋਈ
ਉਸਨੇ ਤੱਕੜੀ 'ਚ ਸਿਰ ਧਰ ਦਿੱਤਾ
ਰੱਥ ਫੇਰ ਰੁਕਿਆ ਹੈ
ਇਸ ਬਾਰ
ਸਵਾਲਾਂ ਜਵਾਬ ਨਹੀਂ ਮੰਗੇ !!
•

ਕਵਿਤਾ

ਕਾਗ਼ਜ਼ ਤੇ ਉੱਕਰੇ ਹਿੰਦਸੇ
ਨਾ ਬਹਿਸ਼ਤ
ਨਾ ਦੋਜ਼ਖ!
ਗੋਲ ਦਾਇਰਾ
ਮੇਰੇ ਹਿੱਸੇ ਦਾ ਰੌਲਾ!
ਮੱਥੇ 'ਚ ਸ਼ਬਦ ਉੱਗਿਆ ਹੈ
ਘੁਮਾ ਫਿਰਾ ਕੇ
ਗੱਲ ਤਾਂ ਮੇਰੀ ਹੀ ਹੋਵੇਗੀ!
ਅਣਪਛਾਤੇ ਪੈਰੀਂ ਖਲੋਤੀ
ਦੱਬਵੀਂ ਆਵਾਜ਼ੇ
ਆਪਣੀ ਲਿਖਤ
ਪੜ੍ਹਦੀ ਹਾਂ!

ਲੋਗ ਮੈਨੂੰ
ਸਿਰ ਤੋਂ ਪੈਰਾਂ ਤੱਕ ਵੇਖਦੇ ਨੇ!
ਕਵਿਤਾ ਖ਼ਤਮ ਹੁੰਦੀ ਹੈ
ਸਭ ਜਾ ਚੁੱਕੇ ਨੇ।
ਮੈਂ ਅਜੇ ਵੀ ਅਦਬ ਸਹਿਤ
ਮੁਖਾਤਿਬ ਹਾਂ!
ਆਪਣੀ ਕਵਿਤਾ ਨਾਲ!!
•

ਮੱਥੇ ਤੋਂ ਮੰਥਨ ਵੱਲ

ਮੇਰੇ ਚੇਤਿਆਂ 'ਚ
ਦੋ ਹੱਥ
ਸੁਭਾ ਸ਼ਾਮ
ਅਕਾਸ਼ ਵੱਲ ਨਹੀਂ
ਮੇਰੇ ਵੱਲ ਉੱਠਦੇ ਨੇ

ਨੱਕ ਕੰਨ ਅੱਖਾਂ ਮਲਦੀ ਹੋਈ
ਆਪਣਾ ਧੜ ਛੁਹ ਕੇ ਵੇਖਦੀ ਹਾਂ
ਉਹ ਮੰਗ ਕਿਸਦੀ ਸੀ
ਇਹ ਕੁਰਬਾਨੀ ਕਿਸ ਖਾਤਿਰ
ਝੰਮਣਾਂ ਤੋਂ
ਗਰਦ ਝੜਦੀ ਹੈ।

ਇੱਕ ਨਾਸ ਰਾਹੀਂ
ਸਾਹ ਅੰਦਰ ਬਾਹਰ ਆ ਜਾ ਰਿਹੈ
ਇਕ ਨਾਸ ਬੰਦ ਹੋ ਚੁੱਕੀ ਹੈ।
ਨਸਾਂ ਦਾ ਚੇਤਾ ਆਉਂਦਿਆਂ
ਵਰ, ਬਰਾਤ, ਵਿਆਹ, ਸੁੱਖ, ਸੰਤਾਨ
ਸਭ ਗੋਲ ਚੱਕਰ ਤੇ ਬੈਠੇ
ਉੱਚੀ ਠਹਾਕਾ ਮਾਰ ਹੱਸਦੇ ਨੇ।

"ਸੁਰਤ ਸਤ ਸੰਜਮ"
ਮੇਰੇ ਕੰਨ ਚੀਰਦੀ ਆਵਾਜ਼
ਆਰ ਪਾਰ ਲੰਘ ਗਈ ਹੈ
ਮੈਂ ਪੁਨਰ ਜਨਮ ਦੀ ਹਿੱਕ 'ਤੇ
ਆਪਣਾ ਨਾਮ ਲਿਖ
ਸਮੇਂ ਦੇ ਹੱਥ
ਸੌਂਪ ਦਿੱਤਾ ਹੈ!

ਨੋਟ: ਪੁਨਰ ਜਨਮ ਦਾ ਭਾਵ ਰੀਕਾਰਨੇਸ਼ਨ ਨਹੀਂ ਲਿਆ ਗਿਆ

•

ਗਿਣਤੀ ਮਿਣਤੀ

ਮੈਂ 80/20 ਸਿਧਾਂਤ ਦੀ
ਰੂਪ ਰੇਖਾ ਤਿਆਰ ਕਰ ਰਹੀ ਹਾਂ
ਬਹੁਤ ਕੁਝ ਝਾੜ ਸੁਟ ਦੇਣ ਵਾਲਾ
ਸਾਹਵੇਂ ਪਿਆ ਹੈ।
ਸਾਂਭਣ-ਯੋਗ ਨੂੰ
ਬਾਰ ਬਾਰ ਸੋਚ ਰਹੀ ਹਾਂ

.. ਧੁਰ ਅੰਦਰੋਂ
ਇੱਕ ਹਉਕਾ ਉੱਠਿਆ ਹੈ।
ਸ਼ਾਇਦ ਮਨ ਥੱਕ ਚੁਕਾ ਹੈ
ਤਨ ਨਿਸਲ ਕਰਨ ਖਾਤਿਰ
ਪਰਛੱਤੀ ਤੋਂ ਤਸਵੀਰਾਂ ਚੁੱਕ
ਪੜ੍ਹਨ ਲੱਗਦੀ ਹਾਂ

ਕੁਝ ਆਵਾਜ਼ਾਂ ਚੁੱਪ ਹੋ ਚੁੱਕੀਆਂ ਨੇ
ਮੈਨੂੰ ਕਿਸਦੀ ਉਡੀਕ ਹੈ!

ਔਸਤਨ ਉਮਰ ਦੇ ਵਰਕੇ
ਉਂਗਲਾਂ ਤੇ ਗਿਣਦੀ ਹਾਂ
ਧਰਤੀ ਦਾ ਚੱਕਰ
ਪੂਰਾ ਹੋਣ ਜਾ ਰਿਹੈ!
ਮੈਂ ਅੱਖਾਂ ਬੰਦ ਕਰ ਲਈਆਂ ਨੇ
ਉਹ ਆਖਦੇ ਨੇ,
“ਅਜੇ ਤਾਂ ਚਿਹਰਾ ਮਾਸੂਮ ਹੈ”
ਮੈਂ ਜਵਾਰਭਾਟਾ ਰੋਕਦੀ ਹਾਂ
ਸਮੁੰਦਰ ਡੁੱਲ ਚੁਕਾ ਹੈ
ਮੱਛੀ ਦੀ ਅੱਖ
ਖੁੱਲੀ ਰਹਿ ਗਈ ਹੈ!!
•

ਦੋਫਾੜ ਸਿੱਪੀ

ਤੂੰ ਹੁਣ ਲੀਰਾਂ ਗਿਣਦਾ ਜਾਵੀਂ
ਹੈ ਉਧੜਨ 'ਤੇ ਤੁਲ ਗਿਆ
ਦੇਹੀ ਲਿਬਾਸ।
ਡੂੰਘੇ ਪਾਣੀਆਂ 'ਚੋਂ
ਚੋਭੇ ਖਾਲੀ ਹੱਥ ਪਰਤ ਗਏ
ਤੇ ਉਹ!
ਸੁੱਚੇ ਮੋਤੀ ਨਾਲ ਪਰਚ ਗਿਆ
ਫੇਰ ਸਾਂਭਾਗੀ
ਮਿੱਟੀ ਦਾ ਕਿਣਕਾ
ਸਿਰਜਾਂਗੀ ਸੁੱਚਮ
ਆਵਾਗਵਣ ਦੀ ਕੁੱਖ
ਮੈਂ ਦੋਫਾੜ ਸਿੱਪੀ!

•

ਜ਼ਿੰਦਗੀ ਦਾ ਕਾਇਦਾ

ਬਾਹਰ ਤੇਜ਼ ਹਵਾ ਦਾ ਸ਼ੋਰ ਹੈ
ਗਰਦਨ ਦੀਆਂ ਨਾੜਾਂ
ਤਣ ਰਹੀਆਂ ਨੇ।
ਘਰ ਦੀ ਕੰਧ ਤੋਂ ਇੱਕ ਇੱਟ
ਡਿਗ ਰਹੀ ਹੈ ਅੰਦਰ ਵੱਲ!
ਮੈਂ ਅਭੜਵਾਹੀ ਬੱਤੀਆਂ ਜਗਾਣ ਦੌੜਦੀ ਹਾਂ
ਉਖੜੀ ਇੱਟ ਨੂੰ
ਲੋਅ ਦੀ ਨਹੀਂ
ਗਾਰੇ ਦੀ ਜ਼ਰੂਰਤ ਹੈ!
ਪਿਉ ਦਾ ਚਿਹਰਾ ਸਾਹਵੇਂ ਹੈ
ਪਰ ਤਸਵੀਰ ਤੇ
ਧੂੜ ਜੰਮ ਚੁੱਕੀ ਹੈ।

ਖਿੜਕੀ ਦਾ ਸ਼ੀਸ਼ਾ ਤੇ ਮੈਂ
ਆਹਮੋਂ ਸਾਹਮਣੇਂ ਹਾਂ
ਝੱਖੜ ਸੁਣਾਈ ਦੇਣੋਂ
ਬੰਦ ਹੋ ਗਿਆ ਹੈ!
•

ਪੌਟਰੀ ਤੇ ਭਾਂਡਾ ਘੜਦਿਆਂ

ਓਸ ਦਿਨ
ਮਿਟੀ ਪਾਣੀ ਇੱਕ ਕਰਦਿਆਂ
ਭਾਂਡਾ ਅਕਾਰ ਫੜਦਿਆਂ !
ਇੱਕ ਘਾੜਤ ਖ਼ੁਦ ਬਖ਼ੁਦ
ਸਾਹਵੇਂ ਆ ਖਲੋਈ
ਕੁਝ ਆਖਣਾ ਨਾ ਆਖਣਾ
ਸਹਿਜ ਹੋਇਆ !

ਹੱਥ ਪੈਰ ਧੜ ਲਹੂ ਮਿੱਝ
ਮਲਕੜੇ ਠੱਕ ਠੱਕ
ਮਾਸ ਲੋਥੜਾ
ਤਾਣ ਢਹਿ ਢੇਰੀ
ਵਿੰਗ ਟੇਢ ਲਚਕ
ਧੂੜ ਮਿੱਟੀ ਗਾਰਾ
ਚਿਹਰੇ ਤੇ ਚਮਕਿਆ

ਪੱਕਾ ਠੀਕਰ ਚੱਕਰ ਚੱਕ ਤੇ ਭੰਨ
ਮੈਂ ਨਿਹੱਥੀ ਵਾਪਿਸ ਮੁੜ ਆਈ !

ਨੋਟ: ਚੱਕਰ ਚੱਕ ਉਹ ਘੁੰਮਣ ਚੱਕਰ ਹੈ ਜਿਸ ਤੇ ਰੱਖ ਕੱਚਾ ਭਾਂਡਾ ਘੜਿਆ ਜਾਂਦਾ ਹੈ।

•

ਸੌਵਰਨਿਟੀ

ਸ਼ਾਹ ਕਾਲਾ ਰੰਗ
ਗਹਿਰੀ ਤੱਕਣੀ
ਸ਼ਾਮ ਹੁੰਦੇ ਸਾਰ ਹੀ
ਡੁੱਬਦੇ ਸੂਰਜ ਤੋਂ
ਉਹ ਮੰਗ ਲੈਂਦਾ ਹੈ ਇੱਕ ਚਿਹਰਾ !
ਅਣਪਛਾਤੇ ਨਕਸ਼
ਮੈਂ ਸੰਭਲਦੀ ਹਾਂ
ਉਸਨੇ ਭਾਂਪ ਲਿਆ ਹੈ
ਮੇਰਾ ਡਰ।

ਤੇਜ਼ ਕਦਮੀਂ
ਜਾ ਬੈਠਦੀ ਹਾਂ
ਕਿਸੇ ਨਿਵੇਕਲੀ ਥਾਂ
ਵੱਡੇ ਪਿੰਡ ਦੇ
ਵੱਡੇ ਮਕਾਨ ਦਾ ਛੋਟਾ ਕਮਰਾ !

ਅੱਖਾਂ ਤੇ ਹੱਥ ਰੱਖੀ
ਹੈਰਾਨ ! ਉਦਾਸ !
ਕਿਸ ਤੋਂ ਖੋਹਾਂ ਆਪਣੇ ਹੱਥ ਪੈਰ
ਕਿਸ ਤੋਂ ਹੋਣਾਂ ਚਾਹਾਂ
ਸੁਰਖਰੂ !
•

ਸੁਪਨਸਾਰ

ਅਚੇਤ ਚੇਤੇ 'ਚ ਆਇਆ
ਮੈਂ ਉੱਠ ਬੈਠੀ
ਤਕਿਆ ਆਲਾ ਦੁਆਲਾ
ਕਿਉਂ ਨਹੀਂ ਹੋਏ
ਸਭ ਹੈਰਾਨ !
"ਸਮਾਂ ਅੰਛਾਈਂ ਨਾ ਕਰ
ਡਰ ਨਾ !
ਨਹੀਂ ! ਕੋਈ ਨਹੀਂ ਸੁਣ ਰਿਹਾ
ਪੈਰ ਦੀ ਠੋਕਰ
ਖਾਮੋਸ਼ ਚੀਖ !"

ਮੱਥੇ 'ਚ ਉੱਗ ਆਈਆਂ
ਕਿਆਸਰੀਆਂ ਜੂਨਾਂ
ਭੇਡ ਦੀ ਖੱਲ
ਚੀਤੇ ਦੀ ਝੱਪਟ
ਸਰਕੀ ਪੱਤਿਆਂ 'ਚ ਗਿਰਗਟ
ਖ਼ਰਗੋਸ਼ ਨੇ
ਸਿਰ ਭਾਰ ਛਾਲ ਮਾਰੀ
ਪਰ ਮਾਸਾਹਾਰੀ ਕਿਉਂ ਰੋਇਆ ?
ਇਸਦੇ ਚੇਤੇ 'ਚ
ਕਿਸਦੀ ਲਾਸ਼ !
ਇਹ ਕੇਹੀ ਲਾਸ਼
•

ਅਰਥਾਂ ਸਾਂਹਵੇਂ

ਮੇਰੇ ਸਾਹੀਂ
ਜਦ ਕੁਦਰਤ ਵਿਗਸਦੀ ਹੈ
ਤਾਂ
ਰੁਕੀ ਹੋਈ ਹਵਾ
ਰੁਮਕਦੀ ਹੈ!
ਤਦ ਮੈਂ ਆਪਣੀ ਮਿੱਟੀ ਸਵਾਰਣ ਲੱਗਦੀ ਹਾਂ!
ਸਮਾਂ ਮੇਰੀ ਅੱਖ ਵਿੱਚ ਟਿੱਕਦਾ ਹੈ!
ਮੇਰਾ ਧੜ ਤੇ ਧੜ ਦਾ ਪ੍ਰਛਾਵਾਂ
ਮੇਰੀ ਬਾਂਹ ਫੜ ਤੁਰਦੇ ਨੇ!
ਖਾਲਿਸ ਖ਼ੂਨ ਤੇ ਪਾਣੀ
ਅੱਡੋ ਅੱਡ ਵਗਦੇ ਨੇ
ਪਰ ਇਹ ਹੱਡੀਆਂ ਕਿਸਦੀਆਂ ਨੇ?
ਜੋ ਜਿਉਂਦਿਆਂ ਹੀ
ਖੁਰ ਰਹੀਆਂ ਨੇ!
ਦੁਨੀਆਂ ਖਤਮ ਹੋਣ ਦਾ ਡਰ
ਕਿਸ ਨੂੰ ਹੈ?
•

ਵਿਸ਼ਾ ਵਸਤੂ

ਪੱਥਰਾਈਆਂ ਅੱਖਾਂ
ਖੁੱਲ੍ਹਾ ਜੁਬਾੜਾ
ਇਹ ਜਿੰਦਾ ਚਿੰਨ ਜਾਂ ਮੁਰਦਾ ?
ਪਾਣੀ 'ਚ ਡੁੱਬੇ ਅਕਸ ਨੂੰ
ਸਵਾਲ ਕਰਦੀ ਹਾਂ।
"ਸਤਹਿ ਤੇ ਤਰਨਾ
ਤੇ ਸਾਹ ਲੈਣਾ
ਵੱਖ ਵੱਖ ਹੋ ਕੇ ਵੀ
ਇੱਕੋ ਕਰਮ ਹੈ"
ਜਵਾਬ ਕਿਸਨੇ ਦਿੱਤਾ ਹੈ ?
ਮੈਂ ਚੌਗਿਰਦੇ ਦੀਆਂ
ਬੱਤੀਆਂ ਬੰਦ ਕਰ
ਖਿੜਕੀ ਵਿੱਚ ਥੀਂ
ਬਾਹਰ ਝਾਕਦੀ ਹਾਂ।
"ਅੱਖਾਂ ਬੰਦ ਕਰ ਵਾਪਿਸ ਮੁੜ ਜਾਹ
ਗਰਭ ਗਿਰ ਗਿਆ ਹੈ"
ਫਿਰ ਮੈਂ ਔਲਾਦ ਕਿਸਦੀ ਹਾਂ
ਬੱਚਾ ਹੈਰਾਨ ਹੈ!
ਪਾਣੀ 'ਚ ਰੁੜ੍ਹਦੇ
ਸ਼ਵ ਦਾ ਨੰਗ
ਤੇ ਹੁਣੇ ਜਨਮਿਆਂ ਮਾਸ ਲੋਥੜਾ
ਆਹਮੋਂ ਸਾਹਮਣੇ ਨੇ!
ਮੈਂ ਕੱਪੜਾ,ਧਾਗਾ,ਕੈਂਚੀ,ਸੂਈ
ਪੇਸ਼ ਕਰਦੀ ਹਾਂ
ਕੰਜਕ ਗੈਰਹਾਜ਼ਰ ਹੈ!!
•

ਮੇਰਾ ਹਿੱਸਾ !

ਹੁਣ ਤੂੰ !
ਚਾਨਣ ਦੀ ਉਹ ਕਾਤਰ ਦੇਹ
ਜਿਸ ਵਿੱਚ
ਮੈਂ ਰਮ ਸਕਾਂ
ਤੂੰ ਜੀਅ ਸਕੇਂ
ਤੂੰ ਥਿਰ ਹੋਵੈਂ
ਮੈ ਜੀਅ ਉਠਾਂ
•

ਆਤਮਸਾਤ

ਐ ਜ਼ਿੰਦਗੀ
ਤੇਰਾ ਏਹੀਓ ਸਵਾਲ
ਬੜੀ ਦੇਰ ਪਹਿਲਾਂ
ਬੱਸ ਸਟੈਂਡ 'ਤੇ
ਛੱਡ ਆਈ ਸਾਂ ਮੈਂ
ਏਸ ਡਰ ਤੋਂ
ਕਿ-ਚਿਹਰੇ ਤੇ ਉਸਦਾ
ਨਿਸ਼ਾਨ ਨਾ ਰਹਿ ਜਾਏ!

ਅਗਾਂਹ ਕੀ ਹੈ
ਨਹੀਂ ਜਾਣਦੀ !
ਬਦਲ ਦੇਵਾਂਗੀ
ਜੋ ਬਦਲਿਆ ਜਾ ਸਕਦਾ
ਪਰ ਭੇਡ ਦੀ ਖੱਲ ?

ਹਾਂ ਏਹੀ ਸੋਚ
ਸਭ ਛੱਡ ਆਈ
ਓਸ ਬਸ ਸਟੈਂਡ 'ਤੇ।

ਮੁਸ਼ਕ ਰਹੀ ਸੀ
ਉਸਦੇ ਘਰ 'ਚ
ਜਿਉਂਦੀ ਤ੍ਰੀਮਤ ਦੀ
ਹੱਡਾ ਰੇੜੀ
ਪੱਕ ਰਹੀ ਸੀ
ਮੱਘਦੇ ਕੋਲਿਆਂ ਤੇ
ਮਾਸ ਦੀ ਬੁਰਕੀ

ਉਸ ਚੁੱਕਿਆ ਗੰਡਾਸਾ
ਕੁੱਖ ਲਹੂ ਲੁਹਾਨ
ਉਹ ਗੁੰਮ ਸੁੰਮ ਰਹੀ
ਅਸਮਾਨ ਫੱਟਿਆ
ਬੱਦਲਾਂ 'ਚੋਂ ਬਿਜਲੀ
ਉੱਚੇ ਖੰਬਿਆਂ ਰਾਹੀਂ
ਧਰਤ ਵਿੱਚ ਸਮਾ ਗਈ

ਓਸ ਦਿਨ ਤੋਂ
ਇਸ ਦੇਹ ਦੀ
ਮਿੱਟੀ ਕੰਬਦੀ ਹੈ
ਦਹਿਲਦੀ ਹੈ
ਇਹ ਕੀ ਹੋਇਆ
ਕਿਉਂ ਹੋਇਆ
ਰੋ ਰਿਹਾ ਕੌਣ
ਹੈ ਕੌਣ ਭੈ ਭੀਤ
ਇਹ ਕੇਹੀ ਅੰਤਹੀਣ ਕਵਿਤਾ!!
•

ਕਾਰੀਗਰੀ

ਸੁੰਦਰ ਪਲ
ਜੀਵਨ ਸ਼ੀਸ਼ਾ
ਪੱਤਲੀ ਚਮੜੀ 'ਚ
ਡੂੰਘੇ ਵੱਟ !
ਫਟੀ ਪੁਰਾਣੀ ਕਮੀਜ਼
ਵੀਣੀ 'ਚ ਤਾਂਬੇ ਦੀ ਵੰਗ
ਨਾ ਕਲਮ
ਨਾ ਲਿੱਪੀ
ਮੁਸਕਰਾ ਰਹੀ ਤਸਵੀਰ
ਸਮੇਂ ਦੀ ਧਾਤ ਨੂੰ
ਯਾਦ ਕਰਦਿਆਂ !!

•

ਫੌਸਟਰ-ਚਾਈਲਡ

ਹੈ ਕਿੰਨਾ ਕੁ ਬਚਿਆ
ਮਨ ਬਾਕੀ
ਜੋ ਮੁੜ ਸਕੇ
ਕੁੱਖ ਦੇ ਸੁੱਖ ਤਾਈਂ
ਜਿਥੇ ਲੋਰੀ ਦੁੱਧ ਪਾਣੀ
ਤੇ ਚਾਰ ਕੰਧਾਂ ਜਿਉਂਦੀਆਂ
ਦਿਨ ਸੌਵੇਂ
ਤਾਂ ਰਾਤ ਜਾਗਦੀ
ਰਾਤ ਜਾਗੇ
ਦਿਨ ਨੈਣ ਮੁੰਦੇ !
ਬੇ-ਘਰਾ ਕੀ ਜਾਣੇ
ਕਦ ਬੱਦਲ
ਬਾਰਿਸ਼ ਨੂੰ ਪੀਂਦੇ
ਕਿਉਂ ਬਿਜਲੀ
ਅੰਬਰੀਂ ਨਾ ਰਹਿੰਦੀ
ਕਿਉਂ ਤੜਫਦਾ ਮਾਸ
ਜ਼ਿਬਾਹ ਹੋਣ ਤੋ ਪਹਿਲਾਂ
ਕਿਉਂ ਗੈਰਤ ਦੀ ਅੱਖ ਵਿੱਚ ਡੋਰਾ
ਗਰਮ ਖ਼ੂਨ ਦਾ !!

•

ਜਿੱਤ

ਸਿਕੰਦਰ ਜੱਗ ਜਿੱਤਣ ਚੜ੍ਹਿਆ ਸੀ
ਮੈਂ ਤਨ ਜਿੱਤਣਾ ਹੈ
ਅਵਾਮ ਦਾ ਮਨ ਜਿੱਤਣ ਵੱਲ ਇਸ਼ਾਰਾ ਹੈ
ਮੇਰੀ ਇੱਕ ਅੱਖ
ਲੋਕ ਇਸ਼ਾਰੇ ਵੱਲ ਹੈ
ਦੂਜੀ ਮੱਥੇ 'ਚ ਟੱਪਕਦੀ ਨਾੜ 'ਤੇ
ਰਾਖੀ ਲਈ ਦਰਾਂ 'ਚ ਬੰਨ੍ਹਿਆ
ਬੁਲਟੀਗੀਆ ਕੁੱਤਾ
ਅੱਖਾਂ ਮੀਟੀ ਚੁੱਪ ਬੈਠਾ ਹੈ!

•

ਗੈਰਹਾਜ਼ਰੀ

ਇਹ ਪਰਦਾ
ਉਸ ਤੋਂ ਨਹੀਂ
ਮੈਂ ਖ਼ੁਦ ਤੋਂ ਕੀਤਾ ਹੈ।
ਹੁਣ ਮੈਨੂੰ
ਕੋਈ ਖੌਫ ਰੰਜਸ਼ ਜਾਂ ਚਿੰਤਾ
ਓਸ ਵਕਤ ਦੀ ਤਰ੍ਹਾਂ
ਦਬਾਉਂਦੇ ਨਹੀਂ
ਤੇ ਨਾ ਹੀ
ਛਾਤੀ ਤੇ ਪੈਰ ਧਰੀ ਬੈਠਾ
ਉਹ ਗੈਰ
ਮਕਤੂਲ ਬਣ ਕਤਲਗਾਹ ‘ਚ ਹਾਜ਼ਰ ਹੋਣ ਦੀ
ਸਲਾਹ ਦੇਂਦਾ ਹੈ

ਹੁਣ ਮੈਂ ਹਰ ਰੋਜ਼
ਇੱਕ ਸਿਰ ਧਰਮਸਾਲ ’ਚ ਪੇਸ਼ ਕਰਦੀ ਹਾਂ
ਤੇ ਇੱਕ ਸਿਰ ਦੀ ਕੁਰਬਾਨੀ ਖ਼ੁਦ ਨੂੰ ਪੇਸ਼ ਕਰਦੀ ਹਾਂ
ਪਾਣੀ ਤੇ ਭਾਫ਼ ਬਣ ਉੱਡ ਗਿਆ!
ਪਰ ਖੂਨ ?
ਖਾਲੀ ਪਿਆਲਾ ਵੇਖ
ਹੈਰਾਨ ਹਾਂ!
ਦਿਲ ਦੀ ਧੜਕਣ ਤੇਜ਼ ਹੋ ਗਈ ਹੈ
ਪਰਦੇ ’ਚ ਲਿਖੀ
ਪਰਦੇਦਾਰੀ ਦੀ ਗੱਲ
ਮੈਂ ਪਰਦੇ ’ਚ ਸਾਂਝੀ ਕਰਦੀ ਹਾਂ!!
•

ਸੋਚ

ਕੁਝ ਹਿੰਦਸੇ
ਘੱਟਦੇ ਸਨ
ਤੇ ਸਮਾਂ ਬੇ-ਜੋੜ ਸੀ!
ਚਾਰੇ ਦਿਸ਼ਾਵਾਂ ਦੇ ਨਾਮ ਬਦਲ
ਵਰਕਿਆਂ ਤੇ
ਉਸ ਸਮਾਂਨਾਂਤਰ ਲਕੀਰਾਂ ਵਾਹ ਦਿੱਤੀਆਂ।
ਕੁਝ ਕੁ ਸਮੇਂ ਤੋਂ
ਵਿੱਥ ਘੱਟਦੀ ਵੱਧਦੀ ਹੈ
ਸੱਜੇ ਖਲੋ ਵੇਖਿਆਂ
ਸਵਾਲ ਪੂਰਬ ਦਿਸ਼ਾ ਦਾ ਹੈ
ਖੱਬੇ ਖਲੋਣ 'ਤੇ
ਉਂਗਲ ਪੱਛਮ ਵੱਲ ਹੈ
ਅੰਦਰ ਮਨੋਵੇਗ ਦਾ ਤਾਪ।
ਸਮਰਪਣ ਕਿਸਨੂੰ ਕਰਨਾ ਹੈ ?
ਮੈਂ ਪੁੱਛਦੀ ਹਾਂ
"ਆਤਮ ਸਮਰਪਣ ਕਿਸਨੇ ਕਰਨਾ ਹੈ"
ਲਾਸ਼ ਹਿਲਦੀ ਹੈ
"ਸ਼ਾਇਦ ਅਜੇ
ਅੱਗੇ ਰਸਤਾ ਸਾਫ਼ ਨਹੀਂ"
ਭੀੜ ਭੱਜ ਤੁਰੀ ਹੈ!!
●

ਦਲਿਤ

ਇਨਾਂ ਦਿਨਾਂ ‘ਚ
ਫੇਰ ਕੁਝ ਬੱਚੇ
ਮੇਰੇ ਪੇਟੋਂ ਜਨਮ ਮੰਗਦੇ ਨੇ।
ਆਪੇ ਲਿਖਣਾ ਚਾਹੁੰਦੇ ਨੇ
ਕਿਸਮਤ ਆਪਣੀ
ਰੰਗ ਢੰਗ ਤੇਵਰ
ਸਿਰਜਣ ਨੂੰ ਫਿਰਦੇ
ਰੱਬ ਆਪਣਾ।
ਸੁਨੱਖੀ ਸੂਰਤ
ਤਿੱਖੇ ਨੈਣ ਨਕਸ਼ ਵਾਲੀ
ਆਰੀਅਨ ਕੁੜੀ
ਇਨਾਂ ਵੱਲ ਵੇਖ ਨੱਕ ਢੱਕਦੀ ਹੈ!
ਬਿਲਕੁਲ ਮੇਰੀ ਦਾਦੀ ਵਾਂਗ।

ਸੋਚ ਤਰਲੋਮੱਛੀ ਹੁੰਦੀ ਹੈ
ਤੂੰ ਜੰਮ ਲੈਣ ਦੇ ਫਿਰ ਇੱਕ ਵਾਰ
ਸਦਨੇ ਦੇ ਬੋਲ
ਪੱਟ ਲੈਣ ਦੇ ਰਵੀਦਾਸ ਨੂੰ ਅੱਖ
ਫ਼ਰੀਦ ਦਾ ਪਿੰਜਰ
ਕਾਵਾਂ ਨਾਲ ਤਕਰਾਰ ਕਰਦਾ ਹੈ

ਕਾਵਾਂ ਦੀ ਨੀਅਤ ਤੇ
ਸ਼ੱਕ ਹੋ ਗਿਆ ਹੈ
ਮੈਂ ਆਪਣੀ ਦਾਦੀ ਦੀ ਜਾਤ ਬਾਰੇ
ਜਾਣ ਚੁੱਕੀ ਹਾਂ!!
•

ਪ੍ਰੇਤ !

(ਚੁੰਮਣ ਲਈ ਭੱਟਕਣ ਦਾ ਮੱਥਾ
ਲੈਣ ਲਈ ਭਰਮਾ ਦੀ ਸਾਰ !
ਤੁਰਨਾ ਤਾਂ ਸੀ
ਤੇ ਤੁਰਿਆ ਵੀ ਹਰ ਸ਼ਾਮ
ਪੱਛਮ ਤੋਂ ਪੂਰਬ ਵੱਲ ਪੈਰ !
ਪਰ ਹੈ ਰੌਸ਼ਨੀਆਂ ਦੀ ਕੈਦ 'ਚ
ਉਸਦਾ ਨੰਗਾ ਚਿਹਰਾ
ਤੇ ਲੀਰੋ ਲੀਰ ਪਰਦਾ ! !)

•

ਹਾਈ ਵੇ ਔਫ ਲਾਈਫ !

ਝੂਟੇ ਕੋਈ ਪੀਂਘ
ਓਤਾਂਹ-ਹੇਠਾਂ
ਸੱਜੇ-ਖੱਬੇ
ਝੂਟਾ ਹੋਰ ਉੱਚਾ !
ਦਰਸ਼ਕ ਪੀਂਘ ਉੱਤੇ।

ਖੁੱਲ੍ਹੀ ਹੈ ਖਿੜਕੀ
ਬੈਠਾ ਸ਼ਾਂਤ
ਬੁੱਧ ਦਾ ਬੁੱਤ
ਘਰਾਂ ਤੋਂ ਦੂਰ ਉਦਾਸ ਨਿਰਵਾਣ
..!
ਪੰਜ ਉਂਗਲਾਂ
ਬਾਰੀਕ ਧਾਗਾ
ਸਿਰਾ ਕਿਸ ਹੱਥ
ਬੰਦੇ ਵਿੱਚੋਂ ਮਰ ਰਿਹੈ ਸੂਰਜ ਅਮੀਬਾ !
•

ਹੋਸ਼ !

ਚਿੜੀਆਂ ਕਦ ਤੱਕ ਹੋਣਗੀਆਂ
ਬਾਜਾਂ ਦਾ ਖਾਜ
ਖਾਣਗੀਆਂ
ਚੁੰਝਾਂ ਪਹੁੰਚਿਆਂ ਦੀ ਮਾਰ !
ਪਰਚਮ ਹੁਣ ਕਿਸੇ ਹੱਥ ਵੀ ਹੋ ਸਕਦੈ !

•

ਹਾਦਸਾ

ਰੰਗੀਆਂ ਅੱਕਾਂ ਤੋਂ ਲੈ ਕੇ ਮੈਂ
.. ਕੁਝ–ਕੁ..
ਅੱਕ–ਫੰਬੀਆਂ
ਕੀਤਾ ਮਨ ਨੇ ਖਿਆਲ
ਉਧੜੇ ਤਾਣੇ ਬੁਣਨ ਦਾ
ਕਦੋਂ ਉਧੜ .. ਉਡ ਗਈਆਂ
ਚੇਤੇ ਦੀਆਂ ਲੀਰਾਂ
ਰਾਹੀਂ ਰੁਕ ਰੁਕ
.. ਪਈ ਵੇਖਾਂ!
ਕੇਹੋ ਜਿਹੀ..!
.. ਮੈਂ ਸਾਂ..
•

ਦੇਵਤੇ !

ਉਸ ਵਕਤ
ਸੂਰਜ ਦੀ ਟਿੱਕੀ
ਕੋਸੇ ਲੋਗੜ ਵਰਗੀ ਸੀ
ਜੋ ਅਚਾਨਕ ਠੋਕਰ ਲੱਗਣ 'ਤੇ
ਮੇਰੇ ਪੈਰ ਦੀਆਂ
ਪੰਜੇ ਉੰਗਲਾਂ 'ਤੇ
ਦਾਦੀ ਨੇ ਇਹ ਸੋਚ ਰੱਖਿਆ ਸੀ
ਕਿ ਸਹਿਜੇ ਆਰਾਮ ਪਏਗਾ

ਅੱਜ ਦੁਨੀਆਂ ਖਤਮ ਹੋਣ ਦਾ ਸ਼ੋਰ
ਸੂਰਜ ਦੀ ਟਿੱਕੀ ਵੱਲ ਤੱਕ ਰਿਹੈ !
ਗਿਰਜਾਘਰ ਤੋਂ ਤਬਦੀਲ ਹੋਏ
ਕੇਅਰ ਹੋਮ 'ਚ ਬੈਠੇ ਬਜ਼ੁਰਗ ਦਾ ਮਨ
ਮੂਕ ਸੰਵਾਦ 'ਚ ਹੈ !

"ਤੂੰ ਪੂਰਬ ਵਿੱਚ
ਦੇਵਤਾ ਬਣ ਚੜ੍ਹਦਾ ਏਂ
ਪੱਛਮ ਵਿੱਚ ਸਿਰਫ ਅੱਗ ਦਾ ਗੋਲਾ !
ਇੱਕ ਦਿਨ ਸਭ ਨਿਗਲ ਜਾਏਂਗਾ
ਪਰ ਭਸਮ ਹੋਣ ਤੋਂ ਪਹਿਲਾਂ
ਮੇਰੀ ਖਾਤਿਰ
ਤੂੰ ਇੱਕ ਸੱਚ ਬੋਲ !
ਤੇ ਦੇਵਤਿਆਂ ਦੇ ਡਰ ਤੋਂ
ਧਰਤੀ ਨੂੰ ਮੁਕਤ ਕਰ ਦੇ !
ਤੈਨੂੰ ਜੱਗ ਦੀ ਸਹੁੰ
ਮੈਨੂੰ ਮੇਰੇ ਰੱਬ ਦੇ ਡਰ ਤੋਂ
'ਮੁਕਤ ਕਰ ਦੇ" ।
•

ਕ੍ਰਿਸਮਿਸ

ਇਹ ਕੈਸਾ ਦੌਰ
ਇਹ ਕੈਸਾ ਸ਼ੋਰ
ਚਿੱਟੀ ਚਮੜੀ ਕਾਲੇ ਗੀਤ
ਕਾਲੇ ਗੀਤ, ਚਮੜੀ ਬੇਰੰਗ

.. ਮਹਿਜ਼ ਜਿਸਮ ਦਾ ਰੋਣਾ..
ਹੈ ਕੇਹਾ ਮੋੜ
ਇਹ ਕਿਸਦਾ ਰੱਬ ਗੁੰਮ ਸੁੰਮ !!
ਹੁਣ ਰੱਖਣੀਂ ਕਿਸ ਮੋਢੇ ਸੂਲੀ!
ਕਿਸ ਘਰ ਜੰਮੀਆਂ
ਇਹ ਅਣਵਰੀਆਂ ਮਾਂਵਾਂ!

•

ਚੈਰਿਟੀ ਟੌਆਏ ਸ਼ੌਪ

ਦਿਸ ਰਿਹੈ
ਹੋਵੇ ਜਿਵੇਂ
ਵਾਧੂ ਖਿਲਾਰਾ

ਨਹੀਂ ਹੱਸ ਰਿਹਾ
ਕੋਈ ਖਿਡੌਣਾ
ਨਾ ਹੀ ਸੌਂਦੀ ਸੁਅੌਂਦੀ
ਕੋਈ ਗੁੱਡੀ।

ਖਿਡੌਣਿਆਂ ਦਾ ਢੇਰ
ਰੋ ਰਿਹੈ ਕੌਣ
ਹੈ ਕਿਸਦੀ ਆਵਾਜ਼!

ਪਿੰਕ ਡੌਲ ਦੀ ਅੱਖ 'ਚ
ਇੱਕਸਾਰ..
ਟਿਕਟਿੱਕੀ..

ਬੜੀ ਪੁਰਾਣੀ ਹੈ
ਇਹ ਕੌਰਨਰ!
ਚੈਰਿਟੀ ਟੌਆਏ ਸ਼ੌਪ!
•

ਸਿਰਜਣਾ !

ਸਿਲਵਟਾਂ ਟੋਹੰਦੇ
ਜੋੜਦੇ..
ਸਾਹਾਂ ਦੀ– ਤੰਦ
ਚੁਰਿਆ ਕਿਸੇ
..ਏਥੇ
ਮਨ ਦਾ ਕਸੁੰਭੜਾ
ਜਾਂ ਪਿੰਜਿਆ ਸਮੇਂ ਨੇ
ਤਨ ਦਾ ਸੂਤ !
.. .. !
ਸ਼ਾਇਦ ਕੋਈ
ਜੀਵਿਆ ਏਥੇ !!
•

ਬੈਰੀ ਹੈਡ ਬੀਚ

ਅਕਾਰ
ਨਿਰਅਕਾਰ
ਨਿਹਾਇਤ ਗੋਲ ਪੱਥਰ
ਸਿਰ ਮੂੰਹ ਧੜ
ਜਿਉਂ ਗੇਂਦ ਜਾਂ ਗਲੋਬ।
ਹੋਈ ਕੁਝ ਹੋਰ ਨੇੜੇ
ਕੀ ਹੋ ਰਿਹੈ
ਅਣਡਿਠੀਆਂ ਤੈਹਾਂ ਅੰਦਰ
ਠਰਨ ਤੋਂ ਪਹਿਲਾਂ
ਕਿਨਾਂ ਕੁ ਤਾਪਮਾਨ....!
.....
ਬੈਟ ਬੱਲਾ ਗੇਂਦ ਗੀਟੇ
ਖੁਦਕਸ਼ੀ ਹੌਟ ਸਪੌਟ
ਬੈਰੀ ਹੈਡ ਬੀਚ!!
•

ਅਵੱਗਿਆ

ਰੱਬ ਜੀ
ਤੂੰ ਤਾਂ ਹੁਣ ਹੋਰ ਵੀ ਵੱਡਾ ਹੈਂ
ਬੱਚੇ ਮਨਾਂ ਨੂੰ
ਅਕਸਰ ਡਰਾਉਂਦੈਂ

ਖੋਹ ਲੈਂਨੈ
ਖੁੱਲ੍ਹੀ ਹਵਾ 'ਚ
ਸੜਕ ਤੇ ਤੁਰਨ ਦਾ ਚਾਅ !
ਤੇ ਖ਼ੁਦ ਦੌੜਨ ਲੱਗਨੈ
ਅੱਗੇ ਅੱਗੇ !

ਤੇ ਉਹ !
ਰੱਬ ਰੱਬ ਕਰਦੇ !!
ਰਹਿਮਤ ਦੀ ਖ਼ੈਰਾਤ ਮੰਗਦੇ
ਤੇਰੇ ਹੁੰਦਿਆਂ
ਕਿਵੇਂ ਦਹਿਲ ਜਾਂਦੇ
ਦਰਵਾਜ਼ਿਆਂ ਦੀਆਂ ਝੀਤਾਂ 'ਚ ਸਰਕਦੇ
ਕਮਜ਼ੋਰ ਵਿੰਗੀਆਂ ਲੱਤਾਂ ਵਾਲੇ
ਜਾਲ ਬੁਣਦੇ
ਸਪਾਇਡਰ ਵੇਖ !

ਪਰ ਰੱਬ ਜੀ ..
ਕੀ ਕਦੇ ਆਵੇਂਗਾ ਹੁਣ
ਇਸ ਡਰੇ ਸਹਿਮੇ ਮੰਜ਼ਿਰ ਦੇ
ਓਸ ਪਾਰ

ਜਿਥੇ ਅੱਜ ..
ਕੌਡੀ ਮੁੱਲ ਨਹੀਂ ਤੇਰਾ !

ਹੈ ਬੇ-ਪਰਦਾ ਪਿਆ
ਤੇਰਾ ਛੜਯੰਤਰੀ ਜਾਲ !!
•

ਅੱਪਸ਼ਬਦ

ਸੋਚ ਤੁਰਦੀ
ਜਿਥੇ ਤੱਕ ਮਨ ਦੀ ਲੋਅ
ਲੋਅ ਦੀ ਚਿੰਤਾ ਦੀ ਚੀਸ!
ਵੰਗਾਰਿਆ ਭੁੱਖ ਨੇ
ਘਰ ਨੂੰ ਤੁਰਿਆ ਜਦ ਲੁਹਾਰ
ਛੱਡ ਅਹਿਰਣ ਹਥੌੜਾ ਸ਼ੈਣੀਂ।

ਜਾਗਿਆ ਰਾਤ ਭਰ,
ਜਿਉਂ ਮੌਸਮ ਸੂਚਕ ਨੂੰ
ਕਿਸੇ ਅਨਹੋਣੀਂ ਦੀ ਉਡੀਕ!
ਜੰਤਰ ਦੇ ਦਿੱਤੇ
ਇਸ਼ਾਰੇ ਵਿਪਰੀਤ
ਤੇ ਫੈਲ ਜਾਏ ਚੁਫੇਰੇ
ਸੌ ਡਿਗਰੀ ਤੇ ਵੀ
ਠਰ ਰਹੇ ਮਨਾਂ ਦੀ ਕੰਬਣੀ!

ਖ਼ੁਦ ਦੇ ਮਾਸ ਦੀ ਬੁਰਕੀ ਖਾ
ਜਾਗਦੀ ਰਹੇ ਗੁਰਬਤ
ਛਣਕਣ ਨਾਰੀ ਗਿੱਟਿਆਂ 'ਚ
ਸੁਬਹ ਤੱਕ ਖੱਸਤਾ ਘੁੰਗਰੂ

'ਤਾਂ ਉੱਠਣ ਫਿਰ ਹੱਥ
ਉਕਰਨ ਲਈ ਗੁਦਗੁਦੀਆਂ ਹਥੇਲੀਆਂ 'ਚ
ਹੱਕ ਸੱਚ ਦੀ ਰੇਖਾ
ਪੁੰਝਣ ਛੂਦਰ ਛੂਤ ਅਬਲਾ
ਜ਼ਰ ਜੋਰੂ ਜੇਹੇ
ਅੱਪਸ਼ਬਦ ਉੱਪਨਾਮ
•

ਆਪਣੇ ਓਹਲੇ !

ਧਰਦੀ ਹਾਂ ਰੋਜ਼
ਇਹ ਸੋਚ ਕੇ
ਘਰ ਤੋਂ ਬਾਹਰ
ਪਹਿਲਾ ਕਦਮ

ਕਿ ਦਿਨ ਚੰਗਾ ਬੀਤੇ !

ਮੰਗਦੀ ਹਾਂ
ਉਹ ਸਭ
ਜਾਣਦੀ ਹੋਈ
ਇਹ ਨਹੀਂ
ਵਾਪਰੇਗਾ !

ਬਣ ਜਾਂਦੀ
ਰਹੀ ਹਾਂ
ਖ਼ੁੱਦ ਦੀਵਾਰ
ਉਹ ਸਭ
ਵਾਪਰਨ ਤੋਂ ਪਹਿਲਾਂ

ਜੋ ਵਗ ਰਿਹੈ
ਦਿਨ ਤੇ ਰਾਤ ਵਿਚਕਾਰ !

ਬਸ ਰੁਕ ਗਈ ਹੈ
ਮੇਰੀ ਨਿੱਤ ਦੀ
ਚਾਹਤ
ਨਿੱਤ ਦੀ ਅਰਦਾਸ !!
•

ਅਰਧ-ਮਨ

ਇਹ ਸ਼ਾਮ
ਚੜ੍ਹਦੇ ਸੂਰਜ ਦਾ ਪੰਧ
ਇਹ ਲੋਅ
ਅਣਛੋਹੇ ਦੁਮੇਲ ਦਾ
'ਮੰਜ਼ਿਰ'
ਬਿੰਦੂ ਦੀ ਨੋਕ 'ਤੇ
ਸਾਧਕ ਅਡੋਲ !
ਕਣੀਆਂ ਹੋਣਾ ਲੋਚੇ
ਖੂਹੇ ਦਾ ਪਾਣੀ !!
•

ਅਸੀਸ !

“ਸ਼ਾਂਤ ਚਿੱਤ
ਮਨ ਮਸਤਕ ਦੀ ਸਾਂਝ
ਰੰਜਸ਼ ਨਾ ਚਿੰਤਾ
ਆਪਣਾ ਸਾਹ ਸੁਣੋ !”
ਸ਼ਾਂਤ ਰਹਿਣ ਦੀ ਅਸੀਸ ਸੁਣ
ਮੈਂ ਤ੍ਰਬਕਦੀ ਹਾਂ
ਸ਼ਾਂਤ ਹੋਣ ਦਾ ਸ਼ੋਰ
ਹੋਰ ਉੱਚਾ ਹੋਇਆ ਹੈ !

ਮੂੰਹ ਵਿਚ
ਮੁਰਦਾ ਪਤੰਗਾ ਚੁੱਕੀ
ਹਵਾ ਅੱਗ ਪਾਣੀ
ਤੇ ਕੁਝ ਕੁ ਦੌੜ
ਪੇਟ ਵਿੱਚ ਰੱਖ
ਫੇਰ ਪਰਤੀ ਹੈ !
ਕੰਧ ’ਤੇ ਤੁਰੀ ਜਾ ਰਹੀ
ਨਿੱਕੀ ਕੀੜੀ ..

ਮੈਂ ਸਾਹ ਸੁਣਨਾ ਛੱਡ
ਸਾਹ ਲੈਣ ਲੱਗਦੀ ਹਾਂ !!
ਇਸ ਵਾਰ
ਕੀੜੀ ਖਾਲੀ ਮੁੜ ਗਈ ਹੈ !!
•

ਅਜ਼ਾਦੀ ?

ਸੁਲੱਖਣੇਂ ਵਿਹੜਿਆਂ ਦੀ ਵਲਗਣ
ਗਲੋਂ ਲਾਹ
ਰੱਤੇ ਸਾਲੂਆਂ ਦੇ ਦਿਨੀਂ
ਕਿਧਰ ਤੁਰੀ ਪਈਆਂ!
ਆਜ਼ਾਦ ਹੋਣ ਚਿੜੀਓ ਕੁੜੀਓ!
ਪਰਤ ਆਓ ਘਰਾਂ ਨੂੰ।
ਕੁੜੀਆਂ ਤਾਂ ਹੁੰਦੀਆਂ ਮਾਵਾਂ, ਮਾਸੀਆਂ
ਨਾਨੀਆਂ ਦਾਦੀਆਂ
ਮੱਥੇ ਇਨ੍ਹਾਂ ਦੇ
ਬਰਕਤਾਂ ਰਹਿਮਤਾਂ!
ਮਾਣ-ਮੱਤੀਆਂ ਧੀਆਂ ਭੈਣਾਂ
ਕੁਖਾਂ ਵਿੱਚ ਫੁੱਲ ਕਲੀਆਂ ਪਾਲਦੀਆਂ!
ਨਾਨਕ ਨੀਪੋਲੀਅਨ ਨੈਲਸਨ ਮੰਡੇਲਾ
ਪੈਣੀਂ ਸਮੇਂ ਨੂੰ ਬੜੀ ਲੋੜ ਇਨਾਂ ਦੀ
ਨੰਨੇ ਹੱਥ ਤੁਸਾਂ ਹੀ ਫੜਨੇਂ
ਵੱਡੇ ਜਿੰਮੇਂ ਤੁਸਾਂ ਸਿਰ ਕੁੜੀਓ
ਸਾਂਭ ਰੱਖਣੀ ਪੈਰਾਂ ਦੀ ਮਿੱਟੀ
ਨਾ ਜਾਣਾਂ ਘਰਾਂ ਤੋਂ ਦੂਰ!

•

ਭੁੱਖ

ਰੱਬ ਮਰ ਰਿਹੈ
ਦਿਨ-ਬਦਿਨ
ਹੈ ਕੀਤਾ
ਭੱਦੇ ਚਿਹਰੇ ਵਾਲੀ
ਓਸ ਮੰਗਤੀ ਨੇ ਹੱਥ ਉੱਚਾ !
ਹੱਥਾਂ ਨੂੰ ਛੋਹ ਕੇ
ਰਿਜ਼ਕ ਦੀ ਖੈਰ ਮੰਗੀ !
ਵੱਸਦੇ ਘਰਾਂ ਲਈ
ਮੰਗੀ ਦੁਆ !

•

ਬੰਧਨ

ਕਿੰਨਾ ਔਖਾ ਹੁੰਦਾ
ਪਿਆਰ ਬੰਧਨ ਤੋਂ
ਮੁਕਤ ਹੋਣਾ
ਗੰਢ-ਤੁਪ ਕਰ ਲੈਣੀ
ਲੀਰੋ-ਲੀਰ
ਹੋਣ ਦੀ ਚਾਹਤ!

ਅੱਗੇ-ਪਿਛੇ
ਹੋ-ਹੋ ਭੱਜਣ
ਵਿਹੜਾ ਬੂਹੇ-ਦਰ-ਚੌਗਾਠਾਂ !

ਕਿੰਨਾ ਔਖਾ
ਆਪੇ ਤੋਂ ਮੁਕਤ ਹੋਣਾ!
•

ਧੁੰਨੀਂ ਤੋਂ ਧਰਤ ਤੱਕ !

.. ਨਾਲ ਹੀ
ਲੈ ਮੁੜ ਚੱਲੀਂ
ਅਣਗਾਹਿਆ, ਬੇ-ਥਹੁ
ਬੇ-ਨਾਮ ਹਨੇਰਾ !!
ਏਥੇ ਤਾਂ ਗੱਲ
ਮੁੱਠੀ 'ਚ ਪਕੜੇ
ਚਾਨਣ ਦੀ ਹੈ !!
ਤੇ ਕੁਝ ਕੁ ..
ਦਰਾਂ 'ਚ ਪਏ ਖਾਲੀ ਕਾਸੇ ਦੀ
ਕੌਣ ਪੁੱਛਦੈ !
ਕਿਉਂ ਬੁੱਲਾਂ ਤੇ ਹਾਸਾ ਰੋਕੀ ਬੈਠਾ
ਸਿਆਣਾ ਬਾਂਦਰ !!

•

ਕਲਾਉਨ

ਲ਼ਾਲ ਉਨਾਬੀ
ਹਰਾ ਪੀਲਾ
ਗੁਲਾਬੀ

ਰੰਗਾਂ ਤੋਂ ਦੂਰੀ
ਰੰਗਾਂ ਦਾ
ਰਸਤਾ

ਹਾਸਾ ਵੰਡੇ
ਚਮਕਦੀ !
ਚਿਹਰੇ ਤੇ
ਲੇਪ

ਦੂਰ ਖਲੋਤਾ
ਰੋ ਰਿਹੈ
ਬੱਚਾ !

ਫੜਨਾ ਚਾਹੇ
ਹੱਥਾਂ ਵਿੱਚ
‘ਰੰਗ’

ਲ਼ਾਲ ਉਨਾਬੀ
ਹਰਾ ਪੀਲਾ
ਗੁਲਾਬੀ....!!
•

ਰੁੱਤਾਂ

ਇਸ ਬਾਰ
ਮੀਂਹ ਡਿੱਗਦਾ ਵੇਖ
ਮੈਂ ਬੱਦਲ ਦੀ
ਖੈਰ ਮੰਗਣ ਲੱਗੀ ਹਾਂ
ਸਾਵਣ, ਨਦੀਆਂ, ਝਰਨੇਂ
ਕਣੀਆਂ ਦੀ ਉਡੀਕ 'ਚ
ਰੇਤ ਹੋ ਰਹੇ ਨੇ!
"ਵੱਗਣਾਂ ਕੱਲ ਦੀ ਗੱਲ ਸੀ
ਉੱਛਲਣਾਂ ਅੱਜ ਦੀ ਚਾਲ ਹੈ"
ਖੁੱਤੀਆਂ 'ਦੇ ਪਾਣੀ 'ਚ
ਬੱਚੇ ਦਾ ਅਕਸ
ਉਦਾਸ ਹੈ"
•

ਜਸ਼ਨ !

ਦਹਿੰਸਰ ਨੂੰ ਅੱਗ ਲਾਈ ਜਾਵੇਗੀ !
ਨੌਂ ਸਿਰ
ਅਤਸ਼ਬਾਜ਼ੀ ਸਮੇਤ ਜਲ ਜਾਣਗੇ !
ਦਸਵਾਂ ਸਿਰ ਜਸ਼ਨ ਮਨਾ
ਲੋਕਾਂ ਦੀ ਭੀੜ ਸਮੇਤ
ਘਰ ਵਾਪਿਸ ਪਰਤ ਜਾਏਗਾ !

ਲੰਕਾ ਦੀ ਰਾਖੀ ਕੌਣ ਕਰੇਗਾ ?
ਸੰਨ੍ਹ ਲੱਗ ਚੁੱਕੀ ਹੈ।
ਦਰਵਾਜ਼ਾ ਨਹੀਂ ਹੈ
ਸੀਤਾ ਦੀ ਮਹਿਕ ਕਿਸ ਨੇ ਚੁਰਾਈ ?
ਧੋਬਣ ਧੋਬੀ ਵੱਲ
ਚੋਰ ਅੱਖੇ ਵੇਖ ਰਹੀ ਹੈ
ਰਾਵਣ ਧੋਬੀ ਪਟੜਾ ਲਾ ਕੇ ਜਾ ਚੁਕਾ ਹੈ !

•

ਕਾਇਆ

ਸਮੇਂ ਦੀ ਅੱਖ
ਦੋਵੇਂ ਪਰਛਾਵੇਂ ਜੁੜ ਬੈਠਦੇ
ਓਸ ਖੂਹ ਦੀ ਮੌਣ 'ਤੇ।
ਪਾਣੀ ਛਲਕਦਾ
ਲਹਿਰ ਜਾ ਟਕਰਾਉਂਦੀ
ਪਥਰੀਲੀ ਧਰਤ
ਛੱਣਦਾ ਪੁੰਣਦਾ
ਮਿੱਝ ਮਿੱਟੀ ਗਾਰਾ!

ਨਿਰਛੱਲ ਸਵੱਛ ਬੂੰਦ
ਅੱਗਲਵਾਂਡੀ ਆ ਮਿਲਦੀ
ਜਲ-ਥੱਲ!
ਘੜੀ ਦੋ ਪਲ ਇੱਕ ਹੁੰਦੇ
ਆਪਣੇ ਸੂਰਜਾਂ ਨੂੰ ਯਾਦ ਕਰਦੇ!
ਕੌਣ ਖੂਹ ਪੱਟੇਗਾ
ਕੌਣ ਪਾਣੀ ਪੀਵੇਗਾ
ਪਰਛਾਵੇਂ ਚੁੱਪ ਕਰਦੇ
ਹਵਾ ਸਰਕਦੀ
ਜੁੱਗ ਪਲਟਦੇ!!
•

ਖਾਮੋਸ਼ ਕਤਲ

ਲੰਘ ਰਹੀ ਹੈ
ਰੇਲ ਗੱਡੀ
ਘਰ ਤੋਂ ਕੁਝ ਦੂਰ
ਤੂੰ ਸੌਂ ਜਾ,
ਆਖ ਪਲੋਸ ਦੇਂਦੀ
ਮੈਂ ਚੁੱਪ ਆਪਣੀ ਦਾ ਪਿੰਡਾ।
ਤਾ..ਜੀਵਨ-ਕਾਲ
ਜ਼ੀਰਦਾ ਰਿਹਾ ਤਨ
ਇਸ ਚੀਖ ਦੀ
'ਆਵਾਜ਼'
ਉਤਰਦੀ ਸਵਾਰੀ
ਚੜ੍ਹਦਾ ਮਕਤੂਲ
ਸੂਰਜ ਦੀ ਢਾਕੇ
ਛੱਵ-ਬਲਦਾ!

•

ਖਦਸ਼ਾ

ਹਾਸਾ ਖਣਕਦਾ
ਹੰਝੂ ਥਿਰਕਦਾ
ਸਵਾਲ ਚੌਗਿਰਦਾ
ਮੈਂ ਹੀ ਤਾਂ ਹਾਂ!

ਬੈਠ, ਦੇਹੀ ਕੰਡੇ
ਆਪਾ ਨਿਤਾਰਾਂ
ਨਿਖਾਰਾਂ ਕੋਈ ਨਕਸ਼!
ਸਿਰਜਾਂ ਕੋਈ ਨਾਮ!
ਇਹ ਤੰਦ ਨਾ ਮੇਰੀ
ਤਾਣੀ ਹੈ ਬੇਸ਼ੱਕ!

ਅਜੇ ਮੈਂ ਹੋਣ;
ਮੈਂ ਹੀ ਤਾਂ ਹਾਂ!
……!!
•

ਮਾਣਸ

ਮੈਂ ਅਕਸਰ ਸੋਚਦੀ ਹਾਂ
ਉਹ ਐਨਾ
ਸ਼ੁਦਾਈ ਕਿੰਝ ਹੋ ਗਿਆ
ਕਿਉਂ ਜੀਉਂਦੇ ਜੀਅ ਛੱਡ ਦਿੱਤਾ
ਉਸ ਜਿਉਣਾ!

ਕੰਧਾਂ ਸੰਗ
ਸਿਮਟ ਗਿਆ
ਰੀਂਘਦੇ ਕੀੜਿਆਂ
ਕਿਰਲੀਆਂ ਵਾਂਗ।

ਖੌਰੇ ਖ਼ੁਦ ਤੋਂ ਡਰਿਆ
ਜਾਂ ਛੱਤ ਦਾ ਖੌਫ਼!
ਹਰ ਰਿਸ਼ਤੇ ਦੀ
ਰੂਹ ਤੋਂ ਦੂਰ
ਉਲਝ ਗਿਆ
ਸਿਰ ਤੋਂ ਪੈਰਾਂ ਤੱਕ
ਰਿਹਾ ਡਾਰਵਿਨ ਨੂੰ ਪੜ੍ਹਦਾ!
ਖ਼ੁਦ ਕਿਉਂ ਨਾ ਤੁਰਿਆ
ਪੁੜਪੁੜੀ 'ਚ ਵੱਸਦੇ
ਕਬੀਲੇ ਤੋਂ ਅੱਗੇ
ਸੁਣਿਐਂ ਚੰਨ ਤੇ ਜਨਮ ਲੈ ਰਿਹੈ
ਬੜੀ ਜਲਦੀ ਅਮੀਬਾ!

•

ਕੈਲੰਡਰ

ਸੂਰਜ ਦੀਆਂ ਕਿਰਨਾਂ
ਸੇਕਦੇ ਪੰਛੀ
.. ਹੁਣੇ ਹੀ ਜਾਗੇ
ਹਵਾ ਸੰਗ ਰੁਮਕੇ
ਕਰੂੰਬਲਾਂ ! ਹਰੇ ਪੱਤੇ
ਕੰਢੇ ਤੱਕ ਸਹਿਜ ਸ਼ਾਂਤ ..
ਨੀਲੇ ਸਾਗਰ ਦਾ ਨੀਰ

“ਸਭ ਠੀਕ ਹੈ”
ਸੁਣਨਾਂ ਚਾਹੁੰਦੈ
ਮਨ !
ਕੁਝ ਪਲ
ਰੁਕਣਾ ਲੋਚਦੀ ਹੈ
ਮੇਰੀ ‘ਸਵੇਰ
ਸਾਹਵੇਂ ਬਗੀਚੇ ’ਚ
ਚੁੱਪ ਬੈਠੇ ..
ਮਿੱਟੀ ਦੇ ਬੁੱਤ ਪਾਸ
ਮੇਰੇ ਜੀਉਂਦੇ ਜੀਅ !
•

ਕਬਜ਼ਾ

ਤਿੱਪ ਤਿੱਪ ਕਿਰ ਜਾਂਦਾ
ਸੋਹਲ ਮਨ
ਹੋ ਜਾਂਦੀ ਨਿਮੋਝੂਣੀ..
ਚੰਚਲ ਕੁੜੀ
ਮਰ ਮਰ ਜਾਂਦੀ
ਇਸਨੂੰ ਜੰਮਣ ਵਾਲੀ

.. ਪਰ ਹੁੰਦਾ ਨਾ
ਟੱਸ ਤੋਂ ਮੱਸ
ਅਜੇ ਕਬੀਲੇ ਦਾ
'ਆਗੂ
ਅੱਜ ਵੀ ਦੇਂਦਾ ਹੈ
'ਪਹਿਰਾ..
ਘਰ ਦੀ ਲੋਅ ਦੁਆਲੇ..
ਵਾਹੀ ਰਾਮਕਾਰ 'ਤੇ!
•

ਲਿੰਗ ਪੁਲਿੰਗ

ਚੰਬਾ ਖਿੜਨ ਤੋਂ ਪਹਿਲਾਂ
ਚਿੜੀਆਂ ਚੁੱਪ ਸਨ
ਚੰਬਾ ਖਿੜਨ ਤੋਂ ਬਾਅਦ
ਚਿੜੀਆਂ ਘਰ ਨਹੀਂ ਹੋਣਾ।

ਉੱਡ ਜਾਣਗੀਆਂ
ਚੁੰਝਾਂ ਵਿੱਚ ਲੈ!
ਕੰਧਾਂ ਵਿਹੜਾ ਬਗੀਚਾ
ਭੌਂਦੀਆਂ ਫਿਰਨਗੀਆਂ
ਅੱਧ ਅਸਮਾਨੀਂ
ਭਾਲਣ ਲਈ
ਆਪਣੇ ਜੋਗੀ ਧਰਤ
ਧਰਤੀ ਤੋਂ ਉਖੜਨ ਦੇ ਬਾਅਦ!

ਫੇਰ ਉਸਰੇਗੀ ਕੰਧ
ਜਾਗੇਗਾ ਇੱਟ ਤੇ ਸਿਰਨਾਵਾਂ
ਸੁਣੇਗਾ ਪੁਸ਼ਤਾਂ ਦੀਆਂ ਬੱਡਕਾਂ
ਕਰ ਕੇ ਖ਼ੁਦ ਨੂੰ ਖ਼ਾਮੋਸ਼!
•

ਚਾਣਕੀਆ

ਬਿਲਕੁਲ ਇੰਜ ਹੀ ਕੀਤਾ ਸੀ
ਆਜ਼ਾਦ !
ਉਸਨੇ ਕੁਨਬਾ ਕਬੀਲਾ

ਮੰਗੀ ਇੱਕ ਰਾਤ ਦੀ ਮੁਹਲਤ
ਕੱਵਚ ਛਾਤੀ 'ਤੇ
ਅੱਖਾਂ 'ਚ ਸੇਹ ਦਾ ਤੱਕਲਾ

ਸਮੇਂ ਦੇ ਮੱਥੇ ਦੀ ਲਟ
ਮੁੰਹ 'ਚ ਪਾ
ਭਰੱਮਿਆ ਲੈਣ
ਪੱਥਰ ਮਿੱਟੀ ਕੰਕਰ ਦੀ ਸਾਰ

ਜਿੰਦਾ ਕੁੰਡਾ ਹੱਥ 'ਚ
ਘਰੋਂ ਲੈ ਤੁਰਿਆ
ਮਹਾਂਭਾਰਤ ਦੀ ਗਾਥਾ

ਪਾ ਰਿਹਾ ਪਾਣੀ ਚੁਲਿਆਂ ਦੀ ਅੱਗ 'ਤੇ
ਉਠਾ ਰਿਹਾ ਪਰਦਾ
ਭੇਸ ਬਦਲ ਨਾਇਕ
ਮੰਚ ਤੇ ਜਲਵਾਗਰ
ਧਰਮਯੁੱਧ ਮੁਹਾਰਤ !
•

ਮਨੁੱਖ

ਖਿੜਕੀ
ਸਟਰੀਟ ਲੈਵਲ ਤੋਂ
ਕੁਝ ਹੋਰ ਉੱਚੀ ਕਰ ਦਿੱਤੀ ਗਈ
ਚਿਹਰੇ ਘੱਟ ਦਿੱਸਦੇ ਨੇ
ਪੈਰਾਂ ਦੀ ਆਵਾਜ਼ ਹੀ ਦੱਸਦੀ ਹੈ
ਲੰਘਣ ਵਾਲਾ ਕਿਸ ਦਿਸ਼ਾ 'ਚ ਜਾ ਰਿਹੈ!

ਸੱਜੇ ਪਾਸੇ ਹੈ ਵਿਸ਼ਾਲ ਸੜਕ
ਜਨ ਜੀਵਨ ਭੱਜਦੜ ਮੰਡੀ
ਇੱਕੋ ਭਾਅ ਤੁਲ ਰਹੇ
ਮੁਰਦਾ, ਜਿੰਦਾ ਮਾਸ
ਬਿਨਾਂ ਅੱਗ ਉੱਬਲਦੇ
ਪੱਕਦੇ ਜਲਦੇ
ਰਾਖ ਖਿਲਰਦੀ
ਰਲਗੱਡ ਪਾਣੀ ਮਹਿਕ ਮਿੱਟੀ
ਫੇਰ ਕੁਝ ਨਰੋਆ ਉੱਗਦਾ।

ਖੱਬੀ ਤਰਫ ਚੌਂਕੀਦਾਰ ਦਾ ਹੋਕਾ
ਕੋਈ ਨੀਅਤ ਬਦਨੀਤ
ਰਾਤ ਸਹਿਕਦੀ ਕੰਬਦੀ
ਜਾਗ ਰਿਹੈ ਕੋਈ
ਮੱਥਾ ਠੱਣਕਦਾ
ਬਣਮਾਣਸ ਮੋਟੀ ਚਮੜੀ ਚੋਂ
ਬਾਹਰ ਆਉਂਦਾ
ਸਦੀ ਬਦਲਦੀ
ਮਨੁੱਖ ਜਨਮਦਾ
ਹਰ ਬਾਰ
ਬੰਦਾ ਬਣਨ ਖਾਤਿਰ!!

•

ਰੋਅਲ ਵੈਡਿੰਗ (29 ਅਪਰੈਲ 2011)

ਓਹੀ ਮੁੰਦਰੀ!
ਓਹੀ ਮੰਦਰ!
ਕਦ ਮਰਦੀ ਹੈ!!
ਮਰ ਗਈ.. ..
.. ਮਾਂ!

Kate Middleton wore Princess Diana's wedding ring and went to wesminister abbey in same Gold carriage.

•

ਰਿਸ਼ਤਾ

ਮੇਰੀ ਖਾਤਿਰ
ਮੰਗ ਲੈ
ਸਮੇਂ ਤੋਂ ਕੁਝ ਸਾਹ ਉਧਾਰੇ
.....!
ਤੇ ਆਖ
ਨੀਲੇ ਅਸਮਾਨ ਨੂੰ,
“ਉਸਨੂੰ ਰੱਬ ਦੀ ਨਹੀਂ
ਮੇਰੀ ਲੋੜ ਹੈ”

•

ਸਫ਼ਰ !

ਕੁਝ ਵੀ ਪੁਰਾਣਾ ਨਹੀਂ !!
ਸੂਰਜ ਹੈ
ਝਾੜ ਕੇ ਆਇਆ
ਬੀਤੀ ਰਾਤ ਦੀ ਕਾਲਖ !!
ਤੂੰ ਖੇਡਣ ਵੀ ਦੇ
ਸਮੇਂ ਨੂੰ
ਹਵਾ 'ਚ ਉੱਛਲਦੀ ਗੇਂਦ ਨਾਲ !
ਚੀਖ ਤੇ ਕਿਲਕਾਰੀ
ਆਵਾਜ਼ ਹੀ ਤਾਂ ਨੇ !
ਲੰਘ ਲੈਣ ਦੇ
ਰੱਥਵਾਨ ਅੱਗੇ !!
•

ਸਿਖਸ਼ਾ !

ਕਿੰਨਾ ਨਿੱਕਾ ਸੀ
ਬਚਪਨ
ਓਨਾ ਕੁ ਹੀ
ਜਿੰਨਾ ਕੁ ਯਾਦ ਦੇ ਪੱਲੇ
ਕਿੰਨਾ ਛੋਟਾ ਹੈ ਜੀਵਨ
ਸੋਚ ਰਹੀ ਹਾਂ
ਬੂੰਦ ਕੁ ਪਾਣੀ ਪੀ
ਉਡ ਗਈ
ਚਿੜੀ ਨੂੰ ਵੇਖ !

ਕੀ ਕੀ ਨਾ ਵੇਖ ਸਕੀ
ਖੁੱਲ੍ਹੀ ਅੱਖ ਦੀ
'ਲੋਅ
ਕਾਗਜ਼ 'ਤੇ ਲਿਖਾਂ
ਆਕਾਸ਼ ਧਰਤੀ ਦਾ ਨਾਮ

ਫੇਰ ਭਾਲ ਹੈ ਉਸਦੀ !
ਆਖਿਆ ਸੀ ਓਸ
ਮੈਨੂੰ ਵਿਦਾ ਕਰਦਿਆਂ,

"ਮਨਭਾਉਂਦੀ ਰੁੱਤ ਲਈ
ਪੈਦਾ ਕਰ ਲਈਂ
ਮਸਤੱਕ ਵਿੱਚ ਬੀਜ !
ਰੀਝ ਜਾਵੇਗਾ ਸਮਾਂ
ਤੂੰ ਪੜ੍ਹ ਲੈਣੀ
ਜੀਵਨ ਜਾਚ"
•

ਸੋਚਦੀ ਹੈ

ਕੀ ਆਖਣਗੇ ਲੋਗ
ਕਿੰਨਾ ਸੀ ਬੇ-ਤਰਤੀਬ
ਚਾਰ ਦੁਆਰੀ ਅੰਦਰ
ਘਰ ਉਸਦਾ !
ਕਿੰਝ ਬਣੀ ਹੋਂਦ
ਅਣਸੁਣੀ ਅਣਗੌਲੀ ਵਸਤੂ
ਇਟਾਂ ਮੱਥੇ
ਨਕਸ਼ ਬੇ-ਸ਼ਨਾਖ਼ਤ

ਕਿੰਝ ਦੱਸੇਗੀ
ਆਲਮ ਨੂੰ ਚੁੱਪ
"ਕਿ ਹੁੰਦੈ
ਚਾਰ-ਦੁਆਰੀ ਦਾ
ਆਪਣਾ ਨਿਜ਼ਾਮ"
•

ਸਵਾਲ !

ਬਚਾ ਹੀ ਲੈਣੇ ਨੇ
ਕੁਝ ਕੁ ਦਿਨ
ਜਿਉਣ ਲਈ ਖ਼ੁਦ ਨੂੰ !!
ਰੱਖ ਹੀ ਲੈਣਾ ਹੈ
ਕੁਝ-ਕੁ ਸਮਾਂ ਰਾਖਵਾਂ
ਰਿੜਕਣ ਲਈ
ਮਨ ਦਾ ਖੂਹਾ

ਕਰ ਹੀ ਲ਼ੈਣੇ ਨੇ
ਗਵਾਹ ਕੁਝ ਕੁ ਪਲ
ਚੁਕਾਣ ਲਈ
ਕਰਜ਼ ਜ਼ਿੰਦਗੀ ਦਾ
ਦੱਬ ਹੀ ਲੈਣੀਆਂ ਨੇ
ਕੁਝ ਕੁ ਪੈੜਾਂ
'ਉਤਰਨ ਲਈ
ਆਤਮ ਦੀ ਪੌੜੀ'

ਇਹ ਦਾਅਵੇ ਕਰਦਿਆਂ
ਹੋ ਗਿਆ ਦਿਨ
ਰਾਤ ਦੀ ਬੁੱਕਲ ਵਿੱਚ
.. ਢੇਰੀ ..

ਮੇਰੇ ਢੇਰਾਂ ਸਵਾਲ
ਮੈਥੋਂ ਮੰਗਦੇ ਜਵਾਬ !!
•

ਵਸੀਲਾ

ਸ਼ੁਰੂ ਕੀਤਾ ਹੈ
ਸਹਿਜ ਪਾਠ
ਮੰਗਣ ਲੱਗੀ ਮੈਂ
ਖ਼ੁਦ ਤੋਂ
ਕੁੱਝ ਸੱਚ

ਢਾਹੁਣ ਲੱਗੀ
ਉੱਚੀ ਕੰਧ ਦਾ
.. ਓਹਲਾ

ਉਤਰਨ ਲੱਗੀ
ਓਹੀਓ ਪੌੜੀ!

ਚੱਕ ਲਈ ਸੀ!
ਇੱਕ ਦਿਨ
ਮੇਰੇ ਵਡੇਰਿਆਂ
ਇਹ ਆਖ!!

“ਕਿ....
ਉਤਰਨਾ ਆਪੇ ਸਿੱਖ ਜਾਏਗੀ!
ਪਹਿਨਣ ਲਈ
ਮਿੱਟੀ ਦਾ ਰੰਗ!
•

ਵਕਤ

ਲੈ ਰੰਗ ਦੇ
ਚਿੱਟਾ ਸੂਤ
ਪਰ ਵੇਖੀਂ
ਤੰਦਾਂ ਨਾ ਤੁਣਕੀਂ!

ਆਵੇਗਾ ਉਹ ਵੀ ਵੇਲਾ
ਤਾਰ ਤਾਰ ਕਰ ਦੇਵੇਗਾ
ਚਰਖੇ ਦਾ ਗੇੜਾ

ਏਹੀਓ ਬਸਤਰ
ਏਹੀਓ ਟੁਕੜਾ
ਕੱਜੇਗਾ ਰੁਖ਼ਸਤ ਹੋ ਰਹੀ ਕਾਇਆ

ਤਿੜਕ ਜਾਏਗਾ ਹੱਥ ਫੜਿਆ ਭਾਂਡਾ
ਫੱਟ ਜਾਏਗਾ ਤਨ ਦਾ ਥਾਨ!
•

ਤਿਆਰੀ

ਨਹੀਂ ਕਰਨੇ ਇਕੱਠੇ
ਟੁਕੜੇ.. ਮੈਂ ਤੇਰੇ
ਨਾ ਹੀ ਘਬਰਾਉਣਾ
ਤੈਨੂੰ ਕਿਰਦੇ ਨੂੰ ਵੇਖ ..

ਭੁਰਦੇ ਨੇ-ਤਾਰੇ ਵੀ
ਕਦੇ ਕਦਾਈਂ
ਅੱਖ ਨੂੰ ਜਾਪੇ
ਇਹ ਸੀ
ਲੋਅ ਅੰਬਰ ਦੀ!

ਹੋਵਾਂਗੇ ਜੀਵਤ!
ਫਿਰ ਤੋਂ ਵੀ ਆਪਾਂ!!
ਤਾਂਹੀ ਤਾਂ ਛਾਣਾ
ਆਪਣਾ ਮੈਂ ਰੇਤਾ!
ਭਾਵੇਂ ਖੁਰਨੇ ਤੋਂ ਡਰਦਾ
ਮਨ ਰਹਿੰਦਾ ਚੁਬਾਰੇ!
•

ਤੋਹਫ਼ਾ

ਕੰਡਾ ਥੋਹਰ
ਨਿੱਕੇ ਪੱਥਰ-ਸੁੱਕੀ ਮਿੱਟੀ
"ਵੇਖ ਮੰਮ ! ਚੰਗਾ ਹੁੰਦੈ
ਘਰ ਵਿੱਚ
ਕੈਕਟਸ ਦਾ ਬੂਟਾ
ਬੈਠਦੇ ਬਾਰੀਕ ਖੰਭਾਂ ਵਾਲੇ
ਮੱਖੀਆਂ ਮੱਛਰ ਕੀੜੇ
ਹਰੇ ਰੰਗ ਪਾਸ"

ਕੈਕਟਸ ਬਾਰੇ
ਥੋੜਾ ਹੋਰ ਜਾਨਣ ਲਈ
ਆਖਦੀ ਹਾਂ ਮੈਂ !

"ਮੰਮ ਬੜਾ ਸੁੰਦਰ ਲੱਗਦੈ
ਸ਼ਹਿਰ ਦੀ ਵੱਡੀ ਪਾਰਕ ਵਿੱਚ
ਕਿੰਨੇ ਲੋਗ ਰੋਜ਼ ਜਾ ਬੈਠਦੇ
ਹਰੇ ਕਚੂਰ ਥੋਰਾਂ ਪਾਸ"

ਚਿੰਤਾ ਫੈਲਦੀ
ਕਦ ਮਿਟੇਗਾ
ਮਾਂ ਪੁੱਤਰ ਦੀ ਸੋਚ ਵਿੱਚ
ਘਰ ਤੇ ਪਾਰਕ ਦਾ ਫ਼ਾਸਲਾ
ਕੈਕਟਸ ਵੱਧਿਆ ਹੈ
ਕਰੂੰਬਲ ਦੀ ਥਾਂ
ਨਵਾਂ ਕੰਡਾ ਉੱਗ ਆਇਆ
ਨਾਜ਼ੁਕ ਖੰਭਾਂ ਲਈ
ਮੈ ਖਿੜਕੀ ਖੋਲ੍ਹ ਦਿੱਤੀ !
•

ਤਸਵੀਰਾਂ

ਇਹ ਤਸਵੀਰ
ਓਸ ਵਕਤ ਦੀ ਹੈ
ਸਿਰਫ ਦੋ ਦਿਨ
ਤੇ ਕੁੱਝ ਕੁ ਘੰਟੇ
ਹੋਏ ਸਨ ਜਨਮਿਆਂ ਏਸ ਨੂੰ !
ਜੰਮਦਿਆਂ ਵਕਤ
ਰੋਇਆ ਨਹੀਂ ਸੀ

ਤੇ ਐਹ ਹੈ !
ਸਕੂਲ ਦੀ ਨਰਸਰੀ 'ਚ
ਰੰਗਾਂ ਦੇ ਨਾਮ ਸਿੱਖ ਰਿਹੈ
ਇਸ ਤਸਵੀਰ ਵਿੱਚ ! ਡਿਗਰੀ ਪ੍ਰਾਪਤ ਕਰਦਿਆਂ
ਸਿਰ ਦੇ ਵਾਲ
ਕੁਝ ਵਿਰਲੇ ਦਿਖਦੇ ਨੇ !

ਹੁਣ ਦੇ ਮਰਦ ਦਾ
ਹਸ਼ਰ ਜਾਣ ਚੁੱਕੀ
ਮੈਂ ਹੀ ਅਕਸਰ ਡਰਾਉਂਦੀ ਸਾਂ
ਇਸਨੂੰ ਇਹ ਆਖ,
'ਕਿ ਮਿਹਨਤ ਕਰ
ਵਰ ਘਰ .. ..
ਚੰਗਾ ਮਿਲ ਜਾਉ'

ਤਸਵੀਰਾਂ ਹੱਥ 'ਚ ਫੜੀ
ਪੁੱਤਰ ਨੂੰ ਪਸੰਦ-ਬੇ-ਪਸੰਦ
ਕਰਨ ਆਈ ਕੁੜੀ ਸਾਹਵੇਂ
ਮੈਂ ਐਵੇ ਬੇ-ਮਤਲਬ
ਬੋਲੀ ਜਾ ਰਹੀ ਸਾਂ !!
•

ਟਾਪੂ

ਰੰਗ ਬਰੰਗੇ
ਚਮੜੀ ਦੇ ਰੰਗ
ਆਦਮੀ ਦਾ ਚਿਹਰਾ
ਆਦਮੀ ਲੱਭਦਾ!
ਅੱਖਾਂ, ਨੱਕ, ਕੰਨ
ਬੰਦੇ ਨੂੰ ਜੀਉਣ ਆਏ!
ਕੇਹੀ ਪ੍ਰਹੁਣਚਾਰੀ
ਕੈਸੀ ਹੋਵੇਗੀ ਦੁਰਗੱਤ!!!

•

ਸਬੂਤ

ਦੁੱਖ ਤੇਰਾ ਸੀ
ਜਾਂ ਉਸਦਾ
ਮੇਰਾ ਕੱਖ ਕਾਨ
ਤਾਂ ਰੱਖਦੇ ਮਹਿਫ਼ੂਜ਼ !!

ਅਕਸਰ ਪੁੱਛ ਬੈਠਦੇ
ਘਰ ਮੇਰੇ ਦੀ
ਛੱਤ ਦੇ ਤੀਲੇ

ਇੱਕ ਦੂਜੇ ਨੂੰ
ਮਾਰਦੇ ਵੱਢਦੇ
ਘਰ ਤੋਂ ਕੱਢਦੇ
ਪਰ ਮੇਰਾ ਸੱਚ ਤਾਂ..
ਛੱਡਦੇ ਮੇਰੇ ਕੋਲ !!

ਅਕਸਰ ਬਹਿਸ ਕਰਦੇ
ਮੇਰੇ ਨਾਲ
ਉਸਦੀ ਛੱਤ ਦੇ ਤੀਲੇ !!
•

ਦੂਜਾ ਵਿਆਹ

ਮੇਰੇ ਘਰ ਦੀ
ਸੱਜੀ ਬੱਖੀਓਂ
ਖੁੱਲ੍ਹੀਆਂ ਬਾਰੀਆਂ
..ਥੀਂ
ਆ ਰਿਹੈ
ਵੱਜਦੇ ਢੋਲ ਦਾ ਸ਼ੋਰ

ਅਸਮਾਨ ਵੱਲੀਂ ਸ਼ੂਕਦੀ
ਆਤਿਸ਼ਬਾਜ਼ੀ !

ਹੋ ਰਿਹਾ ਸ਼ਾਇਦ
..... ਮੂਕ-ਮਨ
ਅਛੋਪਲੇ ਚਿਤਵੀਆਂ
ਮੁਰਾਦਾਂ ਦਾ ਜਸ਼ਨ

ਦੁਹਰਾਈ ਜਾ ਰਹੀ
ਤਨਾਂ ਦੀ ਖੇਡ

ਕਲਗੀ, ਸਿਹਰਾ
ਮਹਿੰਦੀ
ਅਨੰਦਕਾਰਜ
ਅਰਦਾਸ !

ਬੀਤੀ ਰਾਤ
..... !
.. ਜਾਗਦੇ ਰਹੇ
ਮੇਰੀ ਅੱਖ 'ਚ
ਘਰ, ਢੋਲ
ਤੇ ਆਤਿਸ਼ਬਾਜ਼ੀ !
•

ਦਿਸਹੱਦੇ

ਤੋਰ ਆਈ ਹਾਂ
ਚਿਰੋਕਣੇ
ਆਏ ਬੈਠੇ
ਪ੍ਰਾਹੁਣੇ !

ਉਡਾ ਆਈ
ਦਰੱਖਤਾਂ ਦੀਆਂ
ਖੋੜ੍ਹਾਂ ’ਚ
ਠਾਹਰ ਲਈ
ਰੁਕੇ ਪੰਛੀ !

ਰੋੜ ਆਈ
ਛੱਲਾਂ ਦਾ ਸਾਗਰ
ਧਰ ਦਿੱਤਾ ਮੂੱਧਾ
ਮਨ ਦਾ
ਭਾਂਡਾ !

ਮੁਕਾ ਆਈ ਗੱਲ
ਧਰਨ ਲਈ
ਪੰਧ ’ਤੇ
ਫਿਰ ਪੈੜ !

ਅਨੰਤ ਸਮੇਂ ਦੀ
ਅਟੁੱਟ ਚਾਲ

ਜੰਮਦੇ ! ਮਰਦੇ !

ਕਦੇ ਰੱਬ, ਕਦੇ ਮੈਂ
ਕਦੇ ਮਿੱਟੀ !
•

ਤਾਪਮਾਨ

ਸ਼ੁਕਦੇ ਜੰਗਲ ਟੁੱਟਦੇ ਟਾਹਣ
ਕਿਆਮਤੀ ਤੋੜ ਭੱਜ
ਤਰਥੱਲ਼ ..
ਗਰਮ ਲਾਵਿਆਂ ਦੇ
ਲਾਂਬੂ
ਕਿਸ ਵੇਲੇ ਤੋਂ
ਹੋ ਰਹੇ ਸਰਦ-ਸੀਤ!!

ਮੈਂ ਪੈਰ ਨੰਗਾ ਕਰ
ਚੁੱਪ! ਕਾਲ ਪੁਰਾਣੀ
ਸ਼ਾਹਕਾਲੀ
ਚਟਾਨ ਮੱਥੇ ਧਰ ਦਿੱਤਾ

ਬੋਲ ਉਗਮਿਆਂ
ਜੀਵਨ ਪਰਤਿਆ
ਸਮੇਟ ਰਹੀ ਹੈ ਧਰਤੀ
ਸਾਜ਼ੋ-ਸਮਾਨ

ਦਿਨ ਢਲ ਰਿਹੈ
ਆਖਰੀ ਲਿਸ਼ਕੋਰ!
ਧੜਕਦੀ ਚਟਾਨ
ਇਹ ਕਿਸਦਾ ਨੰਗਾ ਪੈਰ!!
•

ਵਰਦਾਨ

ਜਿਉਂਦੇ ਜੀਅ
ਹੈ ਜੀਉਣਾ ਖ਼ੁਦ ਨੂੰ
ਮਿਣਨਾਂ ਅੰਤਰ ਮਨ ਦਾ ਘੇਰਾ
ਆਪੇ ਨੂੰ ਦਾਨ ਕਰਨਾ
ਰਗ ਆਪਣੀ ਦਾ ਗਰਮ ਖ਼ੂਨ
ਧੜਕਣਾ
ਧਰਤ ਆਪਣੀ
ਮੈਨੂੰ ਬਹਿਸ਼ਤ ਨਹੀਂ
ਮੇਰੇ ਤੱਕ ਆਉਂਦਾ ਇਕ ਰਾਹ ਚਾਹੀਦੈ!!

•

ਕਾਸ਼ !!

ਬੀਤ ਰਹੀ
ਸ੍ਰਿਸ਼ਟੀ
ਮੇਰੇ ਚੌਗਿਰਦੇ

ਹੋ ਰਿਹੈ ਮਨ
ਧੁੰਦਲੇ ਨਕਸ਼ ਦਾ
ਸਿਰਨਾਵਾਂ

ਕਿਧਰੇ.....
ਉੱਡ ਨਾ ਜਾਵਣ
..... ਮੇਰੇ.....
ਮਿੱਟੀ ਦੇ ਮੋਰ

ਕਰਦਾ ਚਾਕਰੀ
ਜਾਗਦਾ ਪ੍ਰਛਾਵਾਂ
•

ਸ਼ਿਲਾਲੇਖ

ਭਾਲਣ ਤੁਰੀ ਮੈਂ
ਸਮੇਂ ਦੇ
ਪਾਣੀ ਸੰਗ
ਖੁਰ-ਗਏ ਨਕਸ਼

ਗੁੰਨ੍ਹਣ ਲੱਗੀ
ਪੱਥਰਾਂ ਦੀ ਮਿੱਟੀ
ਖੁਰਚਣ ਲੱਗੀ
ਧਰਤੀ ਦੀਆਂ ਤੈਹਾਂ

ਨਿੱਕੇ ਪੈਰਾਂ ਵੱਲ
.. ਖੁੱਲ੍ਹਦਾ ਸੀ !
.. ਇਸ ਘਰ ਦਾ ਬੂਹਾ

ਪਿਛਲੇ ਅੰਦਰ ਕੋਈ
..ਸੱਜ-ਵਿਆਹੀ..

ਕਦੇ ਭੈਣ-ਮਾਂ-ਪਤਨੀ
ਕਦੇ ਮਹਿਬੂਬਾ

ਅਜੇ ਫੜੀ ਬੈਠੀ ਹੈ
ਧੁਰਾ ਧਰਤੀ ਦਾ !!
•

ਸੈਰਗਾਹ

“ਹਾਂ! ਹਾਂ, ਹੁਣੇ ਆਈ
ਐਵੇਂ ਖਲੋਤੀ
ਵੇਖਦੀ ਸਾਂ ਸ਼ੀਸ਼ਾ”

ਬੁਲਾ ਰਹੀ ਆਵਾਜ਼
ਪੁੱਛਦੀ ਕਾਰਣ!
ਦੇਰ ਕਿਉਂ ਹੋਈ ?

ਅਜੰਤਾ, ਅਲੋਰਾ
ਗੁਫਾਵਾਂ ਦੀ ਬੁੱਕਲ
ਸ਼ੀਸ਼ੇ ਚੋਂ ਆਪਣਾ ਮੈਂ
ਪੱਥਰ ਪਛਾਣਾਂ!!

ਮਲਕੜੇ ਧੂਹ ਰਹੀ ਹਾਂ ਹੱਥ
ਮਤਾਂ ਵੇਖੇ ਨਾ ਮੈਨੂੰ
ਸੁੱਤਾ ਪਿਆ
ਉਹ ਬੁੱਤ!

ਕਿਰਦੀ ਰਹੀ ਸਦੀ
ਉਸ ਮੱਥੇ ਬਣ ਤੁੱਪਕਾ!!
ਪੁੱਛਦੀ ਆਵਾਜ਼
ਮੇਰੇ ਪਰਤਣ ਦਾ ਕਾਰਣ!
•

ਰੀਸਾਈਕਲ

ਕਿੰਨੇ ਵਰਿਆਂ ਤੋਂ
ਨਿੱਜ ਫੈਲਾਅ ਵਿੱਚ
ਪਲਦਾ ਜਿਸਮ
ਕੁਝ ਸਵੀਕਾਰਿਆ
ਕੁਝ ਝੁਠਲਾਇਆ
ਸਿਰਜੇ ਮਾਸਟਰ ਪੀਸ ਨੂੰ
ਹੁਣ ਮੈਂ ਪਸੰਦ ਨਹੀਂ

ਡਿਸਪੋਜ਼ ਕੀਤਾ ਗਿਆ ਧੜ
ਕਿਵੇਂ, ਕਦੋਂ
ਤੇ ਕਿੱਥੇ ਪਰਤੂ
ਇਹ ਸੱਚ ਸ਼ਬਦਾਂ ਵਿਚ
ਰੀਸਾਈਕਲ ਹੋਣਾ
ਅਜੇ ਬਾਕੀ ਹੈ!

•

ਪ੍ਰਮਾਰਥ

ਨਵੇਂ ਅੱਖਰਾਂ ਦੀ
.. ਭਾਲ ..
ਨਕਸ਼ਾਂ ਦੀ ਤਲਾਸ਼
ਕੰਧ ਤੇ ਲਟਕਿਆ ਸ਼ੀਸ਼ਾ
ਹੁਣ ਕਰਦਾ ਨਹੀਂ
ਆਪਣੀ ਕੋਈ ਗੱਲ
ਵਰਜਿਤ !
ਵਿ-ਵਰਜਿੱਤ !
ਸ਼ਬਦਾਂ ਗਲ ਪਾ ਕੇ
ਈਡਨ ਦੇ ਬਾਗੀਂ
ਭੱਟਕਦੇ
'ਈਵ ਤੇ ਐਡਮ'
•

ਨਿਲਾਮੀ

ਅਣਛੋਹੀ
ਚੇਤਨਤਾ
ਬੰਦ ਲਿਫ਼ਾਫ਼ੇ 'ਚ
ਲਾਟਰੀ ਦੇ
ਜੇਤੂ ਦਾ
ਸਿਰਨਾਵਾਂ
ਨਿਲਾਮੀ ਦਾ
ਤੀਜਾ ਹਥੌੜਾ

ਤਿੜਕੀ ਖੋਪਰੀ
ਕਿਰਿਆ ਆਦਮੀ
ਨਿਉਲੇ ਦੀ ਪੂਛਲ
ਮਗਰਮੱਛ ਦਾ
ਜੁਬਾੜਾ
ਰੇਗਿਸਤਾਨੀ ਗਿਰਗਟ
ਲੱਕ ਟੁੱਟਾ
ਆਦਮ ਬੰਬ ਦਾ
ਸੱਚ!!
•

ਮੌਕਾ

ਪੱਤਣ ਰੁੜ ਰਿਹੈ
ਮੇਰੇ ਸਾਹਵੇਂ
ਅਜ਼ਮਾ ਰਹੀਆਂ ਛੱਲਾਂ
ਬਾਹਵਾਂ ਦਾ ਜ਼ੋਰ।

ਤੈਰਾਕ ਸਿੱਧਾ ਖਲੋਣਾ ਚਾਹੁੰਦਾ
ਪਾਣੀ ਦੀ ਹੇਠਲੀ ਤਹਿ ਤੇ
ਸੂਤਣ ਲਈ
ਸਾਹ ਮਗਰਮੱਛ ਦਾ
ਨੋਚਣ ਲਈ
ਵੇਲ ਮੱਛੀ ਦੀ ਅੱਖ!

ਕੱਕੀ ਰੇਤ ਦੀ
ਚੋਟੀ ਤੇ ਬੈਠਾ
ਸਭ ਵੇਖ ਰਿਹੈ
ਕੱਛੂ ਕੁੰਮਾਂ
ਕਿ ਅੱਜ ਦੁਸ਼ਟ ਨਹੀਂ ਬਚੇਗਾ!
ਸਮਾਂ ਵਿਚਾਰ
ਜੰਗਲੀ ਕੁੱਤੇ ਨੇ
ਲੱਤਾਂ ਢਿੱਲੀਆਂ ਛੱਡ
ਪਾਣੀ ਤੇ ਤਰਨਾਂ ਸ਼ੁਰੂ ਕਰ ਦਿੱਤਾ ਹੈ
ਬੱਚਾ ਝੋਲੀ ਚੁੱਕੀ
ਚੌਰੱਸਤੇ ਵਿੱਚ ਮਰੀ ਬੈਠੀ ਹੈ
ਕੈਂਗਰੂ!

•

ਮੋਹ

ਇਸ ਵਕਤ
ਮੇਰੇ ਮੂੰਹ ਦੀ ਬੁਰਕੀ
ਮੇਰੇ ਢਿੱਡ ਤੋਂ ਵੱਡੀ ਹੈ
ਮੇਰੇ ਬੱਚੇ ਦੇ ਚਿਹਰੇ 'ਤੇ
ਕਿਸਦੀ ਹੋਂਦ ਫੈਲ ਰਹੀ ਹੈ ?
ਜੋ ਮੇਰੀ ਪਹੁੰਚ ਤੋਂ ਦੂਰ ਰਿਹਾ
ਉਹ ਸਭ
ਆਂਦਰ ਦੀ ਸਰਦਲ 'ਤੇ
ਧਰਦੀ ਹਾਂ।
ਮ੍ਰਿਗ ਤ੍ਰਿਸ਼ਨਾਂ
ਮਾਰੂਥਲ ਨੂੰ ਤਰੋਤਾਜ਼ਾ ਕਰ ਰਹੀ ਹੈ
ਅਸਲ ਵਿੱਥ 'ਤੇ ਖਲੋਤਾ
ਛਾਲੇ ਛਾਲੇ ਹੋ ਰਿਹੈ !
ਮੈਂ ਮਨ ਦਾ ਦੰਭ ਵੇਖ ਰਹੀ ਹਾਂ !!

•

ਅਦਿੱਖ !

ਕੰਧਾਂ ਵਿੱਚ ਘਰ ਨਾ
ਪੈਰਾਂ ਵਿੱਚ
ਦਰ ਨਾ

ਵਾਪਰ ਰਿਹੈ
ਘਟਨਾਵਾਂ ਦਾ
.. ਸਿਲਸਲਾ !
ਜੀਵਨ ਤਲੀ
'ਤੇ'

ਦੇ ਕੇ ਹੰਸਾਂ ਨੂੰ
ਚੋਗ ਵਿੱਚ
ਸੁੱਚੇ ਮੋਤੀ !!

ਉਡੀਕਣ ਸਿੱਪੀਆਂ
ਛੱਲਾਂ ਦਾ ਫੇਰਾ !
•

ਨਵਯੁਗ

ਉਹ ਬੱਚੇ ਦੀ ਤਰ੍ਹਾਂ
ਖਲੋਤੀ ਭੀੜ ਨਾਲ ਜ਼ਿਦ ਕਰ ਰਿਹਾ ਸੀ!
"ਜਦ ਤੱਕ
ਪੁਲਿਸ ਮੇਰੀ ਲਾਸ਼ ਨਹੀਂ ਲੈ ਜਾਂਦੀ
ਮੈਨੂੰ ਸੁਣੋ!
ਤੁਹਾਡੇ ਤੇ ਮੇਰੇ ਵਿੱਚ
ਕੋਈ ਫ਼ਰਕ ਨਹੀ
ਫਿਰ ਵੀ ਤੁਹਾਨੂੰ ਮੈਂ
ਇੱਕ ਅਜਿਹਾ ਭੇਦ ਦੱਸਦਾ ਹਾਂ
ਜੋ ਮੁਰਦਾ ਹੀ ਸੁਣ ਸਕਦੈ!
ਮੈਂ ਜਦੋਂ ਮਰ ਜਾਵਾਂਗਾ
ਤਾਂ ਵਾਪਿਸ ਆਉਣ ਦੀ ਜ਼ਿਦ
ਤੁਹਾਡੇ ਚਿਹਰਿਆਂ ਤੇ ਲਿਖ!
ਕੰਧਾਂ ਨੂੰ ਜੀਵਿਆ
ਆਪਣੇ ਨਾਲ ਲੈ ਜਾਵਾਂਗਾ"
ਲੋਗ ਆਪਣੇ ਹੱਥ ਪੈਰ
ਹਿਲਾ ਕੇ ਵੇਖਦੇ ਨੇ!
ਸਰਕਸ ਦਾ ਸਮਾਂ
ਖਤਮ ਹੋ ਚੁੱਕਾ ਹੈ!!

•

ਆਪੇ ਤੱਕ

ਹੈ ਅਜੇ ਮੱਘਦੀ
ਅਰਘ ਦੀ
ਅਗਰਬੱਤੀ !

ਸਾਧਨਾ ਦੀ ਤਲੀ 'ਤੇ
ਅਜੇ ਧਰਨੀ ਹੈ
'ਚੁੱਪ'

ਅਜੇ !
ਤੇਰੇ ਤੱਕ ਪਹੁੰਚੇ
ਤੇਰੀ ਧੜ੍ਹਕਣ ਦਾ
ਸ਼ੋਰ !

ਅਜੇ !
ਹੈ ਜੋਬਨ 'ਤੇ
ਟੀਸੀ ਦਾ ਪੱਤਾ !
ਅਜੇ ਤਾਂ ਜੜ੍ਹ ਨੇ
ਬੀਜ ਹੈ ਹੋਣਾ
ਤੂੰ ਅਜੇ ਨਾ ਮੰਗ
ਖ਼ੁਦ ਤੋਂ
ਅੱਕ ਫੰਬੀਆਂ ਲਈ
'ਪੈਰ' !!

•

ਭੁਲੇਖਾ

ਪੱਤੇ ਦੀ ਨੋਕ ਲਟਕਿਆ
ਬਾਰਿਸ਼ ਦਾ
'ਤੁਪਕਾ'

'ਤੁਪਕਾ' ਕੁ ਪਾਣੀ ਪਹੁੰਚਾ
ਤਨ-ਅੱਖ ਦਰਵਾਜ਼ੇ

ਮਨ ਦੀ ਸਮਾਧੀ
ਕੀ ਜੀਵੇ-ਕੀ ਸਾਧੇ

ਬੱਦਲ ਦਾ ਪਾਣੀ
ਜੜ੍ਹ ਵੀ ਪੀਵੇ
ਧਰਤੀ ਵੀ
ਜ਼ੀਰੇ !!
•

ਬਾ਼ਗੀ !

ਚਿੰਤਾ ਚਿਹਰਿਆਂ ਤੇ
ਸਾਂਝੀ ਬੋਲੀ !
ਚੰਡਿਕਾ ਦੇਵੀ ਤੇ ਮਹਿਖਾਸੁਰ ਦੈਂਤ
ਮੇਰੇ ਅੱਗਿਓਂ ਦੀ ਗੁਜ਼ਰੇ ਨੇ
ਮੇਰੀ ਨੀਵੀਂ ਨਜ਼ਰ ਨੂੰ ਤੱਕਿਆਂ ਬਗੈਰ !
ਲੰਬੀ ਸਾਧਨਾਂ 'ਚੋਂ ਉਠਿਆ ਚੇਲਾ
ਆਪਣੇ ਬੈਡਰੂਮ ਦੀ
ਬਾਰੀ ਥੀਂ
ਦੋਵਾਂ ਨੂੰ ਨੱਤਮੱਸਤਕ ਹੋ ਰਿਹੈ !
ਮੇਰੇ ਨਾਪ ਦੀ ਸੂਲੀ
ਤਿਆਰ ਕੀਤੀ ਜਾ ਰਹੀ ਹੈ !!
•

ਡਿਜੀਟਲ ਟਾਈਮਜ਼

ਜਦ ਮੈਂ ਦੇਰ ਨਾਲ ਘਰ ਪਰਤਦੀ ਹਾਂ
ਤਾਂ ਪੁੱਤਰ ਗਈ ਰਾਤ ਤੱਕ
ਜਾਗਦਾ ਹੈ!
ਜਦ ਪੁੱਤਰ ਗਈ ਰਾਤੇ
ਵਾਪਿਸ ਪਰਤਦਾ ਹੈ
ਤਾਂ ਮੈਂ ਸੌਣ ਤੋਂ ਡਰਦੀ ਹਾਂ
ਦੂਜੇ ਦਿਨ ਆਪਣੀ ਆਪਣੀ ਦੁਨੀਆਂ ਤੋਂ
ਬਹੁਤ ਕੁਝ ਪੁੱਛਦੇ ਹਾਂ
ਬੜਾ ਕੁਝ ਦੱਸਦੇ ਹਾਂ
ਢਿੱਡ ਆਪਣੇ ਢੰਗ ਨਾਲ
ਸੋਚਦਾ ਹੈ!

ਅੱਖਾਂ ਵਿੱਚ ਰੌਸ਼ਨੀ ਤਾਂ ਹੈ
ਪਰ ਫੋਕਸ ਵਿੱਚ ਪਈ ਹਕੀਕਤ
ਦੋਹਵਾਂ ਦਾ ਮੂੰਹ ਚਿੜਾਂਉਂਦੀ ਹੈ!
ਲ਼ੋਗ ਦੂਰਬੀਨ ਰਾਹੀਂ
ਦੂਰ ਖਲੋ ਕੇ
ਸਾਨੂੰ ਨੇੜਿਓਂ ਵੇਖਣਾ ਚਾਹੁੰਦੇ ਨੇ
ਅਸੀਂ ਦੋਵੇਂ
ਆਪਣੇ ਚਿਹਰੇ
ਦੁੱਧ ਨਾਲ ਧੋਂਦੇ ਹਾਂ

ਬੀਤੀ ਹਯਾਤੀ ਦਾ ਸਾਰ
ਦੋਵਾਂ ਤੋਂ ਮੂੰਹ ਮੋੜੀ ਖਲੋਤਾ ਹੈ
ਘਰ ਦੀਆਂ ਕੰਧਾਂ ਉੱਤੇ ਪ੍ਰਛਾਵਾਂ
ਐਂਟੀ ਕਲੌਕਵਾਈਜ਼
ਉਤਰਨ ਲੱਗਾ ਹੈ
ਕਿਸੇ ਨਵੀਂ ਕਾਢ ਵਾਂਗ!
ਅਸੀਂ ਇੱਕ ਦੂਜੇ ਨੂੰ
ਡਾਂਟਦੇ ਹਾਂ।

ਸ਼ਿਕਾਰ ਤੋਂ ਵਾਪਸ ਪਰਤਿਆ ਗੁਵਾਂਢੀ
ਕੀਤੇ ਕਤਲ ਲਈ
ਕਾਤਲ ਲੱਭ ਰਿਹਾ
“ਸਮੇਂ ਸਿਰ
ਘਰ ਵਾਪਿਸ ਪਰਤ ਆਉਣਾ”
ਕੰਧਾਂ ਦੀ ਆਵਾਜ਼
ਕੁੱਤੇ ਦੇ ਢਿੱਡ ਵਿੱਚ
ਦਮ ਤੋੜ ਚੁੱਕੀ ਹੈ !!
•

ਦੁਬਿਧਾ

ਰੋਜ਼ ਤੁਰਦਾ ਹੈ
ਖਿਆਲ ਮਨ ਅੰਦਰ
ਕਰ ਦੇਣਾ ਹੈ ਅਰਪਿਤ
ਓਸ ਰੰਗ ਨੂੰ ਆਪਾ
ਜੋ ਘੁਲ ਜਾਏ
ਅੰਬਰ ਤੋਂ ਵਰਦੇ
ਪਾਣੀ ਵਿੱਚ!
ਧਰਤੀ 'ਤੇ ਬਰਸਣ ਤੋਂ ਪਹਿਲਾਂ

ਹੋਈ ਹੈ ਬੱਦਲ ਨੂੰ ਮੁਖ਼ਾਤਿਬ
ਨਿੱਕੀ ਜਿੰਦ!
"ਕਿ ਸ਼ਾਇਦ!
ਕੁੱਝ ਸਵਰੇਗਾ
ਤੇਰਾ-ਮੇਰਾ
ਬਿਜਲੀਆਂ ਦੀ ਲੋਏ'
ਖ਼ੁਦੀ ਦੇ ਜਾਗਣ ਦੀ ਰੁੱਤੇ!
ਖ਼ੁਦ ਨੂੰ ਖੋਰਨ ਤੋਂ ਬਾਅਦ!
•

ਇਤਫ਼ਾਕ

ਆਇਆ ਉਹ ਓਸ ਵਕਤ
ਜਦ ਬਹੁੜੇ ਨਾ ਵਕਤ
ਮੈਂ ਵਾਪਸ ਪਰਤੀ
ਉਹ ਚਲਾ ਗਿਆ

ਬੁੱਲਾਂ ਤੇ ਅਟਕਿਆ
ਅਧੂਰਾ ਵਾਕ
ਪੂਰੀ ਨਜ਼ਮ ਮੰਗ ਰਿਹੈ
ਪਰਤੇ ਸਮੇਂ ਕੋਲ
ਨਾ ਮੈਂ ਹਾਂ
ਨਾ ਉਹ !
ਨਾ ਸਮਾਂ
•

ਅਚੇਤ !

ਕਿਵੇਂ ਟਿਕੀਆਂ
ਜ਼ਿਹਨ ‘ਚ
ਉਹ ਆਵਾਜ਼ਾਂ
ਤਸਵੀਰਾਂ
ਉਹ ਥਾਵਾਂ

ਮਿੱਟੀ ਰੰਗੇ ਬੱਦਲ
ਸੁੱਕੇ ਪੱਤਿਆਂ ’ਚ
ਹਰਕਤ ਕਰਦੇ
ਮਕੌੜੇ ਕੀੜੇ
ਰੇਸਦਾਰ ਤਰਲ ਦੇ
ਜਾਲਾ ਘਰ

ਮੂੰਹ ਹਨੇਰੇ
ਬਰਾਮਦੇ ’ਚ
ਝਾੜੂ ਫੇਰਦੀ
ਭਾਗੂ ਦੀ ਸੀਤੋ ਦੀਆਂ
ਅੱਖਾਂ ’ਚ ਚਮਕ

ਕਿਸੇ ਬਚਪਨ ਦੇ
ਮੁੱਢ ਦਾ
ਕੰਧਾਂ ਫੜ ਤੁਰਨਾਂ
ਕੌਣ ਕੌਣ ਸੀ ਓਥੇ
ਤੇ ਹੁਣ ਕੀ ਹੈ ਗਾਇਬ!!
•

ਅਣਛੋਹੇ ਚਾਅ

ਟੇਢੀਆਂ ਪੱਗਡੰਡੀਆਂ
ਹੱਥੀਂ ਕਾਸੇ
ਕਿਸ ਦਰ ਵੱਲ
ਨੱਤ ਮਸਤਕ ਹੋਣ ਤੁਰਦੀਆਂ ਨੇ
ਸੁਬਹ ਸ਼ਾਮ!
ਬੁਲਾਇਆਂ ਨਾ ਬੋਲਣ
ਮੰਗਦੀਆਂ ਸਾਹਾਂ ਦਾ ਸੱਚ
ਆਪੇ ਬਾਝ ਬਉਰੀਆਂ
ਮੈਨੂੰ... ਉਡੀਕਣ
ਕਿਸੇ ਪੂਜਣਯੋਗ ਦੀਆਂ
ਦਿੱਤੀਆਂ ਦੁਆਵਾਂ!!

•

ਉਸ ਤੋਂ ਬਾਅਦ

ਕਦੇ ਵੱਗਿਆ ਰਗਾਂ ਵਿੱਚ
ਸਾਹਾਂ ਤੋਂ ਅੱਗੇ
ਬੰਦੇ 'ਚ ਜਿਉਂਦਾ
ਇਹ ਕੀ ਮੁੱਕ ਜਾਂਦਾ!
ਕੀ ਹੈ ਪਿਛੋਕੜ
ਬੈਠੀ ਮੈਂ ਸੋਚਾਂ
ਕਿਥੇ ਕੁ ਜਾ
ਖ਼ੂਨ ਦੀ..
ਲੀਕ ਮਿਟ ਜਾਂਦੀ,

ਮੁੱਠੀ ਕੁ ਮਿੱਟੀ
ਬੂੰਦਾਂ ਕੁੱਝ ਪਾਣੀ

.. ਚੱਪਾ ਕੁ ਡੂੰਘਾ,
ਧਰਿਆ ਮੈਂ ਬੀਜ!!
•

ਅਭਿਮਾਨ

ਪਰਵੇ ਉਮਾਹ
ਮਾਨ ਦੀ ਚੁੱਪ 'ਤੇ
ਚੀਂਮੀ ਧੁੱਪ
ਖਰਲ੍ਹੇ ਸੀਗੀ ਤੇ !!
ਸਿੱਪੀਆਂ ਦੇ ਮਾਰੇ
ਪਜੂਰੇ ਸਮੁੰਦਰ
ਤੇ ਤੂੰਬਾ ਦਾ ਤੁੱਪਰਾ
ਮਾਂ ਸਰਘੀ ਵੇਲਾ
ਸਵੇਰ ਉਹਲੇ
ਵਈ ਚੇਤਾ ਪਿਆ ਸਿੰਮਲਾ !!